੧ੳ ਸਤਿਗੁਰ ਪ੍ਰਸਾਦਿ

★★★

ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ

**ਗੁਰਮਤਿ ਮਾਸਕ ਪੱਤਰ**

ਐਡੀਟਰ ਦਲਜੀਤ ਸਿੰਘ

ਜਿਲਦ ੫] [ਅੰਕ ੩

(ਅਪ੍ਰੈਲ ੧੯੭੧) ਸਲਾਨਾ ਚੰਦਾ ਦੇਸ 8 ਰੁਪਏ

ਫਰੀ ਇੰਡੀਆ ਪ੍ਰਿੰਟਰਜ਼, ਖਿੰਗਰਾਂ ਗੇਟ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇਪ ਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305–L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ।



www.AKJ.Org

ੴ ਸਤਿਗੁਰ ਪ੍ਰਸਾਦਿ

★★★

ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ੫]                [ਅੰਕ ੩

# ਸੂਰਾ

(ਅਪ੍ਰੈਲ ੧੯੭੧)

ਦਲਜੀਤ ਸਿੰਘ ਐਡੀਟਰ, ਤੇ ਪਬਲਿਸ਼ਰ ਨੇ ਫ਼ਰੀ ਇੰਡੀਆ ਪ੍ਰਿੰਟਰਜ਼, ਖਿੰਗਰਾਂ ਗੇਟ, ਜਲੰਧਰ ਤੋਂ ਛਪਵਾ ਕੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305–L ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

www.AKJ.Org

# ਸਹਿਜ ਸਮਾਧੀ ਇਕਾਂਤ—ਗੁਰ-ਗੁਫਾ

# ਕਾਇਆਂ ਗੜ੍ਹ

## ਵਲੋਂ-ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਨਾਮ ਅਭਿਆਸ ਦੇ ਬਲ ਨਾਲ ਅੰਤਰ ਗਤਿ ਸਹਿਜ ਸਮਾਧੀ ਲਗਣ ਕਰ ਸੁਰਤੀ ਬਿਰਤੀ ਗੁਰਮੁਖ ਸੁਰਤਿਆਂ ਬਿਰਤਿਆਂ ਦੀ ਅੰਤਰ ਪਰਗਾਸੀ ਆਕ੍ਰਖੀ ਰਸ-ਜੋਤਿ-ਕਿਰਣ ਕਣੀ ਸੇਤੀ ਸੁਇਚੀ ਘੁਲ ਮਿਲਿ ਘਿਚੀ ਰਹਿੰਦੀ ਹੈ। ਇਸ ਬਿਧਿ ਅੰਤਰਿ ਬਿਰਤਿ ਹੋ ਕੇ ਗੁਰਮਖਿ ਸੁਰਤੇ ਜਨ ਭੀਤਰਲੇ ਜੋਤਿ ਪ੍ਰਕਾਸ਼ ਦਾ ਰਸ ਮਾਣਦੇ ਹੋਏ ਅਚਲ ਸਮਾਧੀ ਅੰਦਰਿ ਸਿਥਿਤ ਰਹਿੰਦੇ ਹਨ। ਗੁਰਸਿਖ ਹੰਸਲੇ ਜਨਾਂ ਨੂੰ ਸਮਾਧੀਆਂ ਲਾਉਣ ਲਈ ਕਿਸੇ ਧਰਤੀ ਵਿਚ ਪਟੇ ਭੋਰੇ ਦੀ ਵਿਸ਼ੇਸ਼ ਲੋੜ ਨਹੀਂ। ਨਾਂ ਹੀ ਪਹਾੜਾਂ ਦੀਆ ਕੰਧਰਾਂ ਵਿਖੇ ਲੁਕਣ ਦੀ ਲੋੜ ਹੈ। ਨਾਂ ਕੋਈ ਮੁਖੀ ਗੁਫਾ ਗੁਫਾਉਣ (ਰਚਣ) ਦੀ ਲਾਜ਼ਮੀ ਦਰਕਾਰਤਾ ਹੈ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਮੁਖ਼ ਸੁਰਤੇ ਹੰਸਲਿਆਂ ਨੂੰ ਏਕਾਂਤ ਦੀ ਅਵਸ਼ ਅਕਾਂਖਿਆ ਹੈ। ਗੁਰਮੁਖਿ ਭਗਤ ਏਕਾਂਤੀ, ਏਕਾਂਤ ਦੇ ਸਚੇ ਆਸ਼ਕ ਹਨ ਪਰ ਉਹਨਾਂ ਦੀ ਏਕਾਂਤ ਦਾ ਨਿਰਭਰ ਨਿਰਾ ਪੂਰਾ ਗੁਫਾਵਾਂ ਕੰਦਰਾਵਾਂ ਅਤੇ ਭੋਰਿਆਂ ਦੇ ਨਿਵਾਸ ਪਰ ਹੀ ਨਹੀਂ। ਏਹ ਲਾਜ਼ਮੀ ਨਹੀਂ ਕਿ ਉਹ ਭੋਰਾ ਪਟਕੇ ਬੈਠਣ ਯਾ ਕੋਈ ਕੰਦਰਾ ਖੋਦ ਕੇ ਲੁਕਣ ਯਾ ਕੋਈ ਗੁਫਾ ਬਣਾ ਕੇ ਰਹਿਣ ਬਹਿਣ ਤਾਂ ਹੀ ਉਹਨਾਂ ਦੀ ਏਕਾਂਤ ਬਝਦੀ ਹੈ। ਉਹਨਾਂ ਦੀ ਤੱਤ ਇਕਾਂਤ ਤਾਂ ਸੰਗਤਿ ਰੂਪੀ ਗੁਫਾ ਵਿਚ ਬਹਿਣਾ ਹੈ। ਗੁਰਮਤਿ ਅਨੁਸਾਰ ਅਸਲ ਏਕਾਂਤੀ ਓਹ ਹੈ ਜਿਸ ਦਾ "ਸੋ ਏਕਾਂਤੀ ਜਿਸ ਰਿਦਾ ਠਾਇ" ਦੇ ਗੁਰਵਾਕ ਭਾਵ ਅਨੁਸਾਰ ਹਿਰਦਾ ਟਿਕਾਉ ਵਿਚ ਹੈ। ਜਿਸ ਦਾ ਹਿਰਦਾ ਟਿਕਾਉ ਵਿਚ ਨਹੀਂ, ਓਹ ਭਾਵੇਂ ਲਖ ਭੋਰੇ ਪਟਦਾ ਫਿਰੇ, ਕੋਟ ਗੁਫੇ ਕੰਦਰਾਵਾਂ ਖੋਦਦਾ ਲਭਦਾ ਫਿਰੇ, ਕਿਸੇ ਲੇਖੇ



www.AKJ.Org

ਨਹੀਂ। ਹਿਰਦੇ ਨੂੰ ਟਿਕਾਉ ਵਿਚ ਲਿਆਉਣ ਲਈ ਪ੍ਰਿਥਮ ਗੁਰਬਾਣੀ ਦੇ ਅਖੰਡ ਕੀਰਤਨ, ਅਖੰਡ ਪਾਠ ਸਮਾਗਮਾਂ ਦੇ ਅਖੰਡ ਨਿਵਾਸਾਂ ਦੀ ਲੋੜ ਹੈ। ਦਹਿਦਿਸ ਧਾਂਵਦਾ ਮਨ ਇਕਤਿ ਠਾਇ ਠਹਿਰ ਜਾਏ ਤਾ ਏਕਾਂਤ ਬਣਿ ਆਵੰਦੀ ਹੈ।

ਸਭ ਤੋਂ ਵਧ ਕੇ ਧਾਂਵਦੇ ਮਨ ਦਾ ਠਹਿਰਾਉ ਅਖੰਡ ਕੀਰਤਨ ਸਮਾਗਮ ਅੰਦਰ ਹੁੰਦਾ ਹੈ। ਭਾਵੇਂ ਕੀਰਤਨ ਸੁਣੇ ਭਾਵੇਂ ਕਰੇ(ਗਾਵੇ)। ਅਖੰਡ ਕੀਰਤਨ ਸਮਾਗਮਾਂ ਅੰਦਰ ਜਾਕੇ ਮਨ ਬਿਸਰਾਮੀ ਬਿਰਤੀ ਪਕ ਜਾਏ। ਏਹ ਤਾਂ ਗੁਰਬਾਣੀ ਦੇ ਰੰਚਕ ਤਹੋੜ (ਸਹਾਰੇ) ਨਾਲ ਹੀ ਸੁਰਤੀ ਸਬਦ ਅਭਿਆਸ ਵਿਚ ਲੀਨ ਹੋ ਜਾਂਦੀ ਹੈ। ਦੂਜੇ ਮਨ ਨੂੰ ਟਿਕਾਉ ਵਿਚ ਲਿਆਉਣ ਲਈ ਅਤੇ ਏਕਾਂਤ ਵਰ-ਤਾਉਣ ਲਈ ਸਬਦ ਸੁਰਤ ਦਾ ਪਰਚਾ ਹੈ। ਜਿਸ ਵਡਭਾਗੀ ਜਨ ਨੂੰ ਇਹ ਪਰਚਾ ਪੈ ਗਿਆ ਓਹ ਫੇਰ ਤੁਰਦਾ ਫਿਰਦਾ ਉਠਦਾ ਬਹਿੰਦਾ ਸੁੱਤਾ ਜਾਗਦਾ ਏਕਾਂਤ ਵਿਚ ਹੈ ਪ੍ਰੰਤੂ ਅੰਮ੍ਰਿਤ ਵੇਲਾ ਇਸ ਸੁਰਤੀ ਸ਼ਬਦ ਦੇ ਪਰਚੇ ਲਈ ਸਭ ਤੋਂ ਵਡੀ ਏਕਾਂਤ ਹੈ। ਇਸ ਸਮੇਂ ਇਕ ਅਸਥਾਨੇ ਅਤੇ ਇਕ ਆਸਨੇ (ਸਹਿਜ ਆਸਨੇ) ਸਜ ਕੇ ਸ਼ਬਦ ਸੁਰਤ ਦਾ ਆਨੰਦ ਮਾਣੇ ਤਾਂ ਹਿਰਦਾ ਸਹਜ ਤੇ ਇਕਾਂਤ ਨੂੰ ਪ੍ਰਾਪਤ ਹੁੰਦਾ ਹੈ। ਮੁਖ ਲੁਆਜ਼ਮਾਂ ਏਕਾਂਤ ਦਾ ਸ਼ਬਦ ਸੁਰਤ ਦਾ ਪਰਚਾ ਹੈ। ਅੰਮ੍ਰਿਤ ਵੇਲਾ ਇਸ ਲੁਆਜ਼ਮੇ ਲਈ ਖਾਸ ਸਹਾਇਕ ਹੈ। ਇਸ ਤਰ੍ਹਾਂ ਪਹਾੜੀਠੰਡੇਥਾਨ ਮੁਕਾਮਾਂ ਦੀ ਫਿਜ਼ਾ ਅਤੇ ਕੁਦਰਤੀ ਨਜ਼ਾਰਿਆਂ ਦੀ ਨਿਰਮ-ਲਤਾ ਭੀ ਕੁਛ ਹੱਦ ਤਾਂਈ ਏਕਾਂਤ ਲਈ ਸਹਾਈ ਹੈ ਅਤੇ ਸ਼ਬਦ ਸੁਰਤਿ ਦੇ ਏਕਾਂਤ ਆਨੰਦ ਨੂੰ ਹੋਰ ਭੀ ਦੋ ਬਾਲਾ ਕਰ ਦਿੰਦੀ ਹੈ ਪ੍ਰੰਤੂ ਸ਼ਬਦ ਸੁਰਤਿ ਦੀ ਟੇਕ ਤੋਂ ਸਖਣੇ ਕੁਦਰਤ ਪ੍ਰਸਤਾਂ (ਨੈਚਰਲਿਸਟਾਂ) ਨੂੰ ਅਸਥਾਨੀ ਯਾ ਪੁਰਫਜ਼ਾਨੀ ਨਜ਼ਾਰਿਆਂ ਦੀ ਇਕਾਂਤ ਪਰਮਾਰਥੀ ਸ਼ਾਂਤ ਅਰਪਨ ਕਰਨ ਤੋਂ ਉਕੀ ਹੀ ਆਰੀ ਹੈ। ਸਗੋਂ ਅਨੇਕ ਹਾਲਤਾਂ ਵਿਚ ਸੁਰਤਿਆਂ ਦੀ ਸੁਰਤੀ ਤੇ ਉਲਟ ਅਸਰ ਰਖਦੀ ਹੈ। ਸੰਸਾਰ ਦੇ ਧੰਧ ਬੰਧ ਅੰਦਰਿ ਭੀ ਸੁਰਤੇ ਜਨ ਦੀ ਮਿੰਨ੍ਹੀ ਮਿੰਨ੍ਹੀ ਮਿਠੀ ਮਿਠੀ ਲਿਵ ਇਕਾਂਤ-ਤਾਰ ਸੁਆਸ ਸੁਆਸ ਅਭਿਆਸ ਦੁਆਰਾ ਲਗੀ ਰਹਿੰਦੀ ਹੈ ਪਰ ਉਹ ਅਨੰਦ ਨਹੀਂ ਬਝਦਾ ਜੋ ਗੁਰ ਗੁਫਾ ਬਹਿਕੇ ਅੰਮ੍ਰਿਤ ਵੇਲੇ ਇਕ ਅਸਥਾਨ ਵਿਚ ਰਹਿਕੇ ਬਝਦਾ ਹੈ। ਸਰੀਰ ਕਰਕੇ ਭਾਵੇਂ

www.AKJ.Org

ਕਿਸੇ ਅਸਥਾਨ ਵਿਖੇ ਟਿਕਿਆ ਰਹੇ ਪਰ ਜਦ ਤਾਂਈਂ ਸੁਰਤੀ ਬਿਰਤੀ ਦਾ ਟਿਕਾਓ ਅੰਦਰ ਗਤਿ ਨਹੀਂ ਹੁੰਦਾ ਓਦੋਂ ਤਾਈ ਸਚੀ ਏਕਾਂਤ ਪ੍ਰਾਪਤ ਨਹੀਂ ਹੁੰਦੀ। ਅੰਤਰ ਰਸ ਬਧਿਅੜੇ ਰਸ ਜੋਤਿ ਵਿਗਾਸੀ ਰਿਦਾਂਤ ਰਾਸੀ ਆਤਮ ਆਨੰਦ ਲਹਿਰੇ ਸਚੀ ਏਕਾਂਤ ਦਾ ਵਾਸ ਵਸਾਉਂਦੇ ਹਨ। ਇਸ ਤਰ੍ਹਾਂ ਅਖੰਡਾ ਕਾਰ ਹੋਈਆਂ ਸੁਰਤੀਆਂ ਬਿਰਤੀਆਂ ਇਸ ਸਰੀਰ ਰੂਪੀ ਗੁਫਾ ਅੰਦਰਿ ਤੱਤ ਏਕਾਂਤ ਦਾ ਅਸਥਾਨ ਲੱਭ ਲੈਂਦੀਆਂ ਹਨ। ਸਰੀਰ ਰੂਪੀ ਗੁਫਾ ਅੰਦਰ ਜੋਤਿ ਵਿਗਾਸਿਆ ਪਸਰਾਉ, ਅੰਮ੍ਰਿਤ ਰਸ ਰਹਾਸਿਆ ਅਸਰਾਉ, ਪ੍ਰਿਥਮ ਸਾਸ ਸਾਸ ਟਿਕਾਣੇ, ਨੈਸਾਣੇ ਹੀ ਹੁੰਦਾ ਹੈ। ਓਹ ਅਸਥਾਨ ਠਿਕਾਣਾ ਗੁਫਾ ਅੰਦਰਿ ਸਹਿਜ ਸਮਾਧੀ ਦੀ ਗੁਲਜ਼ਰੀ ਹੁੰਦਾ ਹੈ। ਓਹ ਅਸਥਾਨ ਅਤਿਸੈ ਕਰਕੇ ਸੁਹਾਵਣਾ ਹੁੰਦਾ ਹੈ ਅਤੇ ਇਸ ਕਰਕੇ ਹੁੰਦਾ ਹੈ ਕਿ ਓਥੇ ਜੋਤਿ ਜਲਵੇ ਦਾ ਪਰਤੱਖ ਦ੍ਰਿਸ਼ਟਾਉ ਖਾਸ ਜਲਵਾਉ (ਜਲੌ) ਵਿਚ ਹੁੰਦਾ ਹੈ, ਇਸ ਪਰਥਾਇ ਹੀ ਅਜੇਹੇ ਗੁਰਵਾਕ ਇਨ ਬਿੰਨ ਘਟਦੇ ਹਨ :—

> "ਇਸ ਗੁਫਾ ਮਹਿ ਇਕੁ ਥਾਨੁ ਸੁਹਾਇਆ ॥
> ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥ ਅਨਦਿਨੁ
> ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ
> ਪਾਵਣਿਆ ॥੩॥ ਗੁਰ ਕੈ ਸਬਦਿ ਇਹੁ ਗੁਫਾ
> ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ
> ਮੁਰਾਰੇ ॥ ਹਰਿ ਗੁਣ ਗਾਵੈ ਸਬਦਿ ਸੁਹਾਏ
> ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥"
>
> (ਮਾਝ ਮਹਲਾ ੩)

ਸਤਿਗੁਰ ਭੇਟੇ ਬਾਝੋਂ ਇਸ ਮਨ ਤਨ ਅੰਤਰਿ ਮਦਨ ਚੋਰ ਹੀ ਵਸਦਾ ਹੈ ਅਤੇ ਭਰਮ ਅੰਧਲੀ ਭਸ ਭੰਗਾਰ ਹੀ ਭਰੀ ਪਈ ਹੈ। ਸਤਿਗੁਰ ਭੇਟੇ ਤੇ ਇਹ ਭਸ ਭੰਗਾਰ ਸਰੀਰ ਅੰਦਰੋਂ ਨਿਕਲਦੀ ਹੈ ਅਤੇ ਅੰਮ੍ਰਿਤ ਸਬਦ ਰੂਪੀ ਪਾਰ ਪਰਸਿਆਂ ਕਾਇਆਂ ਕੰਚਨ ਵੰਨੀ ਹੋ ਜਾਂਦੀ ਹੈ। ਫੇਰ ਇਹ ਸਰੀਰ ਗੁ ਗੁਫਾ ਸੁਹਾਵਣੇ ਠਿਕਾਣੇ ਥਾਨ ਮੁਕਾਮੀ ਆਸਣ ਵਾਲੀ ਹੋ ਜਾਂਦੀ ਹੈ। ਦ

www.AKJ.Org

ਕਿਰਪਾ ਦੁਆਰਾ ਗੁਫਾ ਅੰਦਰਿ ਸੁਰਤਿ ਸ਼ਬਦ ਗੁਲਜ਼ਰੀਅੜੇ ਥਾਉਂ ਦੀ ਟੇਕ ਲੈ ਕੇ (ਪਾ ਕੇ) ਸੁਰਤਿ ਸ਼ਬਦ ਅਭਿਆਸ ਸੁਰਤੇ ਜਨ ਰੰਗ ਰਤੜੀ ਆਤਮ-ਰੰਗਨ ਵਿਚ ਰੰਗੀਜਕੇ ਦਿਨ ਰਾਤ ਨਾਮ ਸਾਲਾਹਨੀ ਸਿਫਤ ਸਾਲਾਹ ਵਿਚ ਜੁੱਟ ਰਹਿੰਦੇ ਹਨ । ਇਸ ਬਿਧਿ ਗੁਰ ਸ਼ਬਦ ਸੁਰਤਿ ਅਭਿਆਸ ਦੇ ਅਹਿਨਿਸੀ ਚੜ੍ਹਦੇ ਚੜ੍ਹਾਉ ਵਿਚ ਰਸ ਜੋਤਿ-ਰੰਗ-ਤਰੰਗੀ ਰੰਗਲੇ ਗੁਰਮੁਖਿ ਸ਼ਬਦ ਸੁਰਤੇ ਸਾਰੀ ਗੁਫਾ ਨੂੰ ਰੁਸ਼ਨਾ ਲੈਂਦੇ ਹਨ ਅਤੇ ਰਸ ਜੋਤਿ ਕ੍ਰਿਣ ਦੀ ਲੀਕ ਪਾਇੰਤੇ ਦੀ ਖੋਜ ਉਤੇ ਚਲਦੇ ਚਲਦੇ ਚੜ੍ਹਦੇ ਚੜ੍ਹਦੇ ਅੰਦਰ ਗੁਫਾ ਦੇ ਕੀ ਦੇਖਦੇ ਹਨ ਕਿ ਨਿਰੰਜਨ ਵਾਹਿਗੁਰੂ ਭੀ ਜੋਤਿ ਜੋਤੰਨੇ ਨਾਮ ਦੇ ਨਾਲ ਅੰਦਰ ਹੀ ਵਸਦਾ ਹੈ । ਇਸ ਅੰਤਰ ਵਸਦੇ ਜੋਤਿ-ਜੋਤੀਸ਼ਰ ਦੀ ਸੋਭਾ ਵੇਖਿ ਵੇਖਿ ਕਿ ਸਬਦ ਰਸਨਰਾਵੀ ਲਿਵ ਲੋ ਵਿਚ ਉਹ ਹੋਰ ਵਧੇਰੇ ਜ਼ੋਰੋ ਜ਼ੋਰ ਹਰਿ ਗੁਣ ਗਾਵੰਦੇ ਹਨ ਅਤੇ ਸਚੇ ਪ੍ਰੀਤਮ ਦੇ ਵਸਲ ਮਿਲਾਪ ਦਾ ਸਚੰੜਾ ਸੁਖ਼ ਮਾਣਦੇ ਹਨ ਅਤੇ ਸਦੀਵੀ ਅਬਚਲ ਆਨੰਦ ਨੂੰ ਪ੍ਰਾਪਤ ਹੁੰਦੇ ਹਨ । ਇਸ ਵਿਚ ਰੰਚਕ ਸੰਦੇਹ ਨਹੀਂ ਕਿ ਜੋਤਿ ਜਲ ਵਤਾਈਆਂ ਜੋਤਿ ਬਿਜਲ ਸੀਤਲ-ਤਾਈਆਂ ਦੇ ਝਲਕਾਰੇ ਪਹਿਲੇ ਪਹਿਲ ਕਾਇਆਂ ਗੜ੍ਹ ਗੁਫਾ ਦੇ ਖਾਸ ਖਾਸ ਨਾੜ ਨੁਕਰੀ ਚਕਰਾਂ ਅੰਦਰ ਹੀ ਦਾਮਨ ਲਸ਼ਕਾਂ ਮਾਰਦੇ ਹਨ ਪ੍ਰੰਤੂ ਸਬਦ ਸੁਰਤਿ ਕਮਾਈ ਦੀ ਅਥਾਹਤਾ ਇਸ ਲਸ਼ਕਾਉ ਪਸਰਾਉ ਦੀ ਅਥਾਹਤਾ ਨੂੰ ਸਣੇ ਸਣੇ ਸਾਰੀ ਗੁਫਾ ਗੜ੍ਹ ਕਾਇਆਂ ਅੰਦਰ ਹੀ ਦਾਮਨਤ ਕਰਿ ਦਿੰਦੀ ਹੈ । ਜੋਤਿ ਦਾਮਨ ਦਾ ਦਗਨਾਉ ਸਭ ਤੋਂ ਪਹਿਲਾਂ ਨਾਭੀ ਅੰਦਰ ਦਮਕਦਾ ਹੈ ।

**ਨਾਭੀ-ਦਸਮਦੁਆਰ-ਬਿਸਮਾਦ**

ਇਸ ਦਾ ਸਿਖਰ ਧੁਜ ਰਸ-ਜੋਤਿ ਮੁਨਾਰਾ ਦਸਮ ਦੁਆਰ ਹੈ ਜਿਥੇ ਕਿ ਅੰਦਰੋਂ ਭੀ ਸੁਫੁਟ ਹੋਇ ਹੋਇ ਕੈ ਅਤੇ ਬਾਹਰੋਂ ਨਭ ਗਗਨੰਤਰੋਂ ਭ ਚੋਇ ਚੋਇਕੇ ਅਗੰਮੀ ਰਸ ਅੰਮ੍ਰਿਤਧਾਰ ਸੋਮਿਆਂ ਦੇ ਜਤਿ ਪਰਨਾਲੇ ਮੂਸਲਾਧਾਰ ਹੋ ਹੋ ਲਗ ਪੈਂਦੇ ਹਨ । ਫੇਰ ਤਾਂ ਬੱਸ, ਬਿਸਮਾਦ ਹੀ ਬਿਸਮਾਦ ਹੈ ਦਸਮਦੁਆਰ ਨਾਭ ਕੰਵਲਾਰਾ ਪਾੜਾ ਸਭ ਮਿਟ ਜਾਂਦਾ ਹੈ, ਵਿਤਕਰਾ ਕੋਈ ਨਹੀ ਰਹਿੰਦਾ । ਅੰਤਰਿ ਬਾਹਰਿ ਗਗਣੰਤਰ ਅਪਰੰਪਰ ਸਾਰੇ ਜੋਤਿ ਜਗਨੰਤਰੀ ਅੰਮ੍ਰਿਤ ਦਾ ਇਕ ਅਥਾਹ ਅਤੇ ਅਸਗਾਹ ਸਮੁੰਦਰ ਇਕ ਜੀਵਨ

www.AKJ.Org

ਜੋਤਿ ਕਾਂਗ ਦੀ ਜਾਨ ਪ੍ਰਾਨ ਜੀਵਨੀ ਅਲੌਕਿਕ ਥਰਾਟ ਵਾਲੀ ਅਬਚਲੀ ਰੌ ਵਿਚ ਠਾਠਾਂ ਮਾਰਨ ਲਗ ਪੈਂਦਾ ਹੈ। ਏਹ ਥਰਾਟਾਂ ਹਨ ਕਿ ਬਿਸਮ ਰਸ ਆਤਮ ਭੋਗ ਝਰਨਾਟਾਂ ਹਨ। ਏਹਨਾਂ ਪ੍ਰੇਮ ਆਤਮ ਰਸ ਭੋਗ ਬਿਸਮਾਦੀ ਜੋਤਿ ਜਗਮਗਾਈ ਲਹਿਰਾਂ ਥਰਾਟਾਂ ਦੀਆਂ ਝਰਨਾਟਾਂ ਨੂੰ ਭੋਗਨ ਹਾਰੀ ਕਾਇਆਂ ਅੰਤ ਸੁਆਲਿਓ ਸੁੰਦਰੀ ਹੋ ਜਾਂਦੀ ਹੈ। ਏਹ ਕਾਇਆਂ ਪ੍ਰੇਮ ਅਧਿਭੁਤ ਬਿਸਮਾਦ ਸੁਆਦਾਂ ਅਹਿਲਾਦਾਂ ਦੇ ਭੋਗ ਲੁਆਉਣ ਹਾਰੀ ਭੋਗਾਉਣ ਹਾਰੀ ਅਮਿਉ ਰਸ ਕਾਮ ਕਾਮਣੀ ਕਾਇਆਂ ਬਣ ਜਾਂਦੀ ਹੈ, ਪਿਰ ਰੀਸਾਲੂ ਇਸ ਦੇ ਨਾਲਿ ਹੀ ਸਦਾ ਵਸਦਾ ਰਸਦਾ ਅਤੇ ਭੋਗ ਭੋਗਸਦਾ ਰਹਿੰਦਾ ਹੈ। ਸਚੜੇ ਜਗ ਜੀਵਨ ਪਿਰ ਰੀਸਾਲੜੂ ਪਾਸੋਂ ਭੋਗ ਭੁਗਤਾਉਣੀ ਹੋਣ ਕਰਿ ਏਹ ਕਾਇਆਂ ਸਦਾ ਸੋਹਾਗਣੀ ਕਾਇਆਂ ਬਣ ਜਾਂਦੀ ਹੈ। ਫੇਰ ਤਾਂ ਜਿਉਂ ਜਿਉਂ ਸੁਆਦ ਰਸਾਇਣੀ, ਗੁਰ ਕਾ ਸਬਦੁ, ਸੁਆਦ ਅਭਿਆਸੀ ਝਰਨਾਟ ਦੁਆਰਾ ਇਸ ਦੇ ਅੰਦਰ ਝਰਲੂ ਫੇਰਦਾ ਹੈ ਤਿਉਂ ਤਿਉਂ ਏਹ ਅਗਾਧ ਤੋਂ ਅਗਾਧ ਰਸ ਬਿਸਮਾਦੀ ਸੁਆਦ ਵਿਚ ਲੀਨ ਹੁੰਦੀ ਜਾਂਦੀ ਹੈ। ਇਸੇ ਪ੍ਰਥਾਇ ਹੀ ਏਹ ਗੁਰਵਾਕ ਹੈ :—

> "ਕਾਇਆ ਕਾਮਣਿ ਅਤਿ ਸੁਆਲਿਓ ਪਿਰੁ ਵਸੈ ਜਿਸੁ ਨਾਲੇ ॥ ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮਾਲੇ ॥ ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥੧॥ ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥ ੧ ॥ ਰਹਾਉ ॥ ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ । ਕਾਇਆ ਅੰਦਰਿ ਜਗ ਜੀਵਨ ਦਾਤਾ ਵਸੈ ਸਭਨਾ ਕਰੈ ਪ੍ਰਤਿ-ਪਾਲਾ ॥ ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮਾਲਾ ॥ ੨ ॥ ਕਾਇਆ ਅੰਦਰਿ ਆਪੇ ਵਸੈ ਅਲਖ ਨ ਲਖਿਆ ਜਾਈ ॥

www.AKJ.Org

ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣ
ਜਾਈ ॥ ਸਤਿਗੁਰ ਸੇਵੇ ਸਦਾ ਸੁਖੁ ਪਾਏ
ਸਤਿਗੁਰਿ ਅਲਖ ਲਖਾਈ ॥ ੩ ॥ ਕਾਇਆ
ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ॥
ਇਸ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ
ਹਾਟ ਪਟਣ ਬਾਜਾਰਾ ॥ ਇਸ ਕਾਇਆ
ਅੰਦਰਿ ਨਉ ਨਿਧਿ ਪਾਈਐ ਗੁਰ ਕੈ ਸਬਦਿ
ਵੀਚਾਰਾ ॥੪॥ ਕਾਇਆ ਅੰਦਰਿ ਤੋਲ ਤੁਲਾਵੈ ਆਪੇ
ਤੋਲਣਹਾਰਾ ॥ ਇਹੁ ਮਨੁ ਰਤਨੁ ਜਵਾਹਰ ਮਾਣਕੁ
ਤਿਸ ਕਾ ਮੋਲ ਅਫਾਰਾ ॥ ਮੋਲਿ ਕਿਤ ਹੀ ਨਾਮੁ
ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥ ੫ ॥
ਗੁਰਮੁਖਿ ਹੋਵੈ ਸੋ ਕਾਇਆ ਖੋਜੈ ਹੋਰ ਸਭ
ਭਰਮਿ ਭੁਲਾਈ ॥ ਜਿਸ ਨੋ ਦੇਇ ਸੋਈ ਜਨ
ਪਾਵੈ ਹੋਰ ਕਿਆ ਕੋ ਕਰੈ ਚਤੁਰਾਈ ॥ ਕਾਇਆ
ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥
੬ ॥ ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ
ਸਭ ਓਪਤਿ ਜਿਤੁ ਸੰਸਾਰਾ ॥ ਸਚੇ ਆਪਣਾ ਖੇਲ
ਰਚਾਇਆ ਆਵਾਗਉਣ ਪਸਾਰਾ ॥ ਪੂਰੈ
ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ
ਨਿਸਤਾਰਾ ॥੭॥ ਸਾ ਕਾਇਆ ਜੋ ਸਤਿਗੁਰ
ਸੇਵੈ ਸਚੈ ਆਪਿ ਸਵਾਰੀ ॥ ਵਿਣੁ ਨਾਵੈ ਦਰਿ
ਢੋਈ ਨਾਹੀ ਤਾ ਜਮੁ ਕਰੇ ਖੁਆਰੀ ॥ ਨਾਨਕ ਸਚੁ
ਵਡਿਆਈ ਪਾਏ ਜਿਸ ਨੋ ਕਿਰਪਾ ਧਾਰੀ ॥੮॥੧॥

(ਸੂਹੀ ਮ: ੩)

ਪੂਰੇ ਗੁਰ ਕੀ ਪੂਰੀ ਬਾਣੀ ਤਤ ਵਖਾਣੀ ਪੂਰੀ ਬਾਣੀ "ਵਾਹਿਗੁਰੂ" ਸ਼ਬਦ ਹੈ। ਏਹ ਸਬਦ ਗੁਰਮੰਤ ਰੂਪੀ ਬਾਣੀ ਪੂਰੇ ਗੁਰੂ

www.AKJ.Org

ਦੁਆਰਾ ਹੀ ਉਪਜਕੇ ਪੂਰੇ ਮਾਹਿ ਹੀ ਸਮਾ
ਰਹੀ ਹੈ । ਉਸ ਪੂਰੀ ਬਾਣੀ ਦੁਆਰਾ ਕੀਤੀ ਹੋਈ ਭਗਤਿ ਕਮਾਈ ਹੀ ਥਾਉ
ਪੈਂਦਾ ਹੈ ਅਤੇ ਵਾਹਿਗੁਰੂ ਦੇ ਰੰਗਾਂ ਵਿਚ ਕੀਤੀ ਭਗਤਿ ਕਮਾਈ ਬੜੀ ਛੇਤ
ਹੀ ਅੰਦਰੋਂ ਹਉਮੈ ਦੀ ਮੈਲ ਅਤੇ ਭ੍ਰਮ ਦੇ ਛਉੜ ਕਟ ਦਿੰਦੀ ਹੈ । ਹਉਮੈ ਦਾ
ਬਿਨਾਸ ਹੋਣ ਸਾਰ ਹੀ ਕਾਇਆਂ ਨਿਰਮਲੀ ਕੰਚਨ ਵੰਨੀ ਹੋ ਜਾਂਦੀ ਹੈ । ਕੰਗੂ
ਵਰਗੀ ਸਾਫ ਸ਼ਫਾਫ ਕੰਚਨ ਕਾਇਆਂ ਅੰਦਰਿ ਸੁਰਤੇ ਜਨ ਤਨਕ ਮਾਤਰ
ਸੁਰਤੀ ਨਾਲ ਅਨਿਕ ਪ੍ਰਕਾਰੀ ਰਚਨਾਂ ਪ੍ਰਤਿਬਿੰਬਤ ਹੋਈ ਪੇਖਦੇ ਹਨ ।
ਕੁਦਰਤ ਦਾ ਸਾਰਾ ਪਾਸਾਰਾ ਕਾਇਆਂ ਅੰਦਰ
ਹੀ ਆ ਉਤਰਦਾ ਹੈ, ਸਭ ਕੁਝ ਕਾਇਆਂ ਅੰਦਰ ਹੀ ਆਣਿ ਵਸਦਾ ਹੈ ।
ਕੁਦਰਤ ਦੇ ਪਸਾਰੇ ਖੰਡਲ, ਮੰਡਲ, ਪਾਤਾਲ, ਸਭ ਕਾਇਆਂ ਅੰਦਰਿ ਹੀ ਆਇ
ਜ਼ਹੂਰ ਪਜ਼ੀਰ ਹੁੰਦੇ ਹਨ । ਐਥੋਂ ਤਾਈਂ ਕਿ ਸਭਨਾਂ ਦੀ
ਪ੍ਰਤਿਪਾਲ ਕਰਨ ਹਾਰਾ ਜਗ ਜੀਵਨ ਦਾਤਾ ਭੀ ਕਾਇਆਂ
ਅਦਰਿ ਹੀ ਆਇ ਵਸਦਾ ਹੈ ਅਤੇ ਕਾਇਆਂ ਅੰਦਰਿ ਵਸ ਰਸਕੇ ਆਤਮ
ਭ੍ਰਗ ਰਚਾਉਂਦਾ ਹੈ । ਇਸ ਬਿਧਿ ਆਤਮ ਰਸ ਰਸਾਇਣੀ, ਆਤਮ ਭੋਗ
ਭਗਾਇਣਾ, ਕਾਇਆਂ ਸਦਾ ਸੁਹੇਲੀ ਹੋ ਜਾਂਦੀ ਹੈ । ਨਾਮੁ ਗੁਰਮੁਖ ਨਾਮੁ
ਸੰਮਾਲਣ ਕਰਿ ਨਾਮੀ ਵਾਹਿਗੁਰੂ ਨੂੰ ਹੀ ਕਾਇਆਂ ਆਪਣੇ ਅੰਦਰ ਸੰਮ੍ਹਾਲ ਲੈਂਦੀ
ਹੈ, ਆਪਣ ਆਪ ਸੰਭਾਲ ਲੈਂਦੀ ਹੈ । ਕਾਇਆਂ ਅੰਦਰ ਸਭ ਘਟਾਂ ਅੰਦਰ
ਉਂਞ ਤਾਂ ਆਪੇ ਹੀ ਜਗ ਜੀਵਨ ਪੁਰਖ ਵਾਹਿਗੁਰੂ ਸਦੀਵ ਹੀ ਵਸਦਾ ਹੈ
ਪਰ ਗੁਪਤ ਵਰਤਦਾ ਹੈ । ਗੁਰਮੁਖਾਂ ਨਾਮ ਰਸੀਆਂ, ਨਾਮ ਪਾਰਸ ਪਰਸੀਆਂ
ਦੀ ਕਾਇਆਂ ਅੰਦਰ ਵਾਹਿਗੁਰੂ ਪਰਗਟ ਪਾਹਾਰੇ ਆਇ ਜ਼ਹੂਰ ਪਜ਼ੀਰ ਹੁੰਦਾ
ਹੈ । ਅੰਦਰੋਂ ਹੀ ਗੁਪਤੋਂ ਉਸ ਦਾ ਜ਼ਹੂਰ ਆਣ ਉਦੇ ਹੁੰਦਾ ਹੈ । ਜਿਸ
ਕਰਕੇ ਗੁਰਮਖ ਜਨ ਅੰਦਰੇ ਅਲਖ ਵਾਹਿਗੁਰੂ ਨੂੰ ਪਰਤਖ ਲਖ ਲੈਂਦੇ ਹਨ ਅਤੇ
ਉਹ ਅਲਖ ਪਾਰਬ੍ਰਹਮ ਹੋਰ ਕਿਸੇ ਤੋਂ ਨਹੀਂ ਲਖਿਆ ਜਾਂਦਾ । ਮਨਮੁਖ
ਮੁਗਧ ਇਆਣੇ ਉਸ ਨੂੰ ਲਖ ਬੁਝ ਨਹੀਂ ਸਕਦੇ ਉਹ ਭਰਮ ਭੁਲੇ ਬਾਹਰਿ
ਭਾਲਣ ਜਾਂਦੇ ਹਨ । ਅੰਤਰ ਦੀ ਗਤਿ ਦਾ ਉਹਨਾਂ ਨੂੰ ਸ਼ਊਰ ਹੀ ਨਹੀਂ ਹੁੰਦਾ ।
ਬਾਹਰੋਂ ਭਾਲਿਆਂ ਕੁਛ ਨਹੀਂ ਲਭਦਾ । ਗੁਰਮਤਿ ਦੀ ਸਚੀ ਸੂਝ ਬੂਝ ਬਿਨਾਂ

www.AKJ.Org

ਸਭ ਭੋਂਬਲ ਭੂਸੇ ਖਾਂਦੇ ਹਨ। ਗੁਰੂ ਘਰ ਦੇ ਸੇਵਕ ਸਿਖ ਬਣਨ ਤਾਂ ਉਹਨਾਂ ਨੂੰ ਸਚਾ ਸੁਖ ਪ੍ਰਾਪਤ ਹੁੰਦਾ ਹੈ ਤਦੇ ਤਾਂ ਉਹਨਾਂ ਦੀ ਘਾਲ ਥਾਇ ਪੈਂਦੀ ਹੈ ਅਤੇ ਉਹਨਾਂ ਦੇ ਸਭੇ ਟੋਲ ਸੁਹਾਵਣੇ ਹੁੰਦੇ ਹਨ। ਪੂਰਨ ਗੁਰਮਤ ਮਰਯਾਦਾ ਅਨੁਸਾਰ ਉਹ ਸਤਿਗੁਰੂ ਧਾਰਨ ਕਰਨ ਅਤੇ ਨਿਗੁਰਿਓਂ ਸਗੁਰੇ ਬਣਨ ਅਤੇ ਗੁਰ ਦੀਖਿਆ ਸਤਿਗੁਰੂ ਦੁਆਰਿਓਂ ਲੈ ਕੇ ਨਾਮ ਗੁਰਮੰਤ੍ਰ (ਗੁਰਦੀਖਿਆ) ਦੀ ਗੁਰੂ ਦਰਸਾਈ ਗੁਰੂ ਹੁਕਮਾਈ ਤਤ ਕਮਾਈ ਕਰਨ ਤਾਂ ਸਤਿਗੁਰੂ ਓਹਨਾਂ ਨੂੰ ਅੰਦਰੋਂ ਹੀ ਅਲਖ ਪੁਰਖ ਨਿਰੰਜਨ ਉਹਨਾਂ ਨੂੰ ਪਰਤਖ ਦਿਖਾਇ ਦਿੰਦਾ ਹੈ ਨਾਮ ਅਭਿਆਸ ਦੀ ਅਤੁਟ ਕਮਾਈ ਵਾਲੇ ਗੁਰਮਖ ਜਨਾਂ ਦੀ ਕਾਇਆਂ ਅੰਦਰਿ ਅਨਿਕ ਪ੍ਰਕਾਰ ਦੇ ਰਤਨ ਪਦਾਰਥ ਭਗਤਿ ਭੰਡਾਰ ਭਰੇ ਪਏ ਹਨ। ਨਾਮ ਰਤਨ ਦਾ ਪ੍ਰਕਾਸ਼ ਉਜਿਆਰਾ ਉਹਨਾਂ ਨੂੰ ਅਨਿਕ ਪ੍ਰਕਾਰੀ ਗੰਝ ਪਦਾਰਥਾਂ ਦੀ ਲਖਤਾ ਕਰਾਇ ਦਿੰਦਾ ਹੈ। ਇਸ ਕਾਇਆਂ ਅੰਦਰ ਨਉ ਖੰਡ ਪ੍ਰਿਥਮੀ ਹਟ ਪਟਣ ਬਾਜ਼ਾਰਾਂ ਦਾ ਬਾਜ਼ਾਰ ਆਇ ਲਗਦਾ ਹੈ। ਗੁਰੂ ਦੇ ਸ਼ਬਦ ਦੀ ਅਭਿਆਸ ਕਮਾਈ ਕਰਿ ਇਸ ਕਾਇਆਂ ਅੰਦਰ ਨਉ ਨਿਧ ਨਾਮ ਦੀ ਪ੍ਰਾਪਤੀ ਹੁੰਦੀ ਹੈ। ਕਾਇਆਂ ਅੰਦਰ ਹੀ ਪ੍ਰਗਟ ਹੋਇਆ ਅਤੋਲ ਵਾਹਿਗੁਰੂ ਤੋਲਿਆ ਜਾ ਸਕਦਾ ਹੈ। ਆਪੇ ਹੀ ਪ੍ਰਗਟ ਹੋ ਕੇ ਆਪੇ ਹੀ ਆਪਣੇ ਆਪ ਨੂੰ ਤੋਲ ਤੁਲਾਉਂਦਾ ਤੇ ਆਪੇ ਮੋਲ ਮੋਲਾਇੰਦਾ ਹੈ। ਇਉਂ ਇਹ ਮਨ ਜਿਹੜਾ ਮਨੂਰ ਹੋਇਆ ਪਿਆ ਸੀ, ਉਲਟ ਕੇ ਕੰਚਨ ਵੰਨਾ ਮਨੀ ਰਤੰਨਾ ਜਵਾਹਰ ਮਾਣਕੰਨਾ ਹੋ ਜਾਂਦਾ ਹੈ। ਇਹ ਮੋਲ ਅਮੋਲ ਭਾਰਾ ਤੋਲ ਨਾਮ ਹੋਰ ਕਿਤੋਂ ਕਿਸੇ ਮੋਲ ਭੀ ਨਹੀਂ ਪਾਇਆ ਜਾ ਸਕਦਾ। ਏਹ ਤਾਂ ਗੁਰੂ ਬਖਸ਼ੀ ਨਦਰ ਕਰੰਮੀ ਮਤਿ ਸਮਤਿ ਗੁਰਮਤਿ ਦੁਆਰਾ ਹੀ ਪਾਇਆ ਜਾ ਸਕਦਾ ਹੈ। ਗੁਰਵੀਚਾਰ, ਗੁਰਹੁਕਮਾਂ ਦੀ ਕਮਾਈ ਦੁਆਰਾ ਗੁਰਦੀਖਿਆ ਪਾਰਸ ਪਰਸਾਈ ਦੁਆਰਾ ਕੋਈ ਜਨ ਗੁਰਮੁਖ਼ ਹੋ ਜਾਵੇ, ਗੁਰਮੁਖ ਬਣ ਜਾਵੇ ਅਤੇ ਗੁਰਮੁਖ ਬਣਕੇ ਕਾਇਆਂ ਨੂੰ ਖੋਜੇ ਤਾਂ ਅੰਦਰੋਂ ਹੀ ਮਨ ਤੱਤ ਸਤ ਵਸਤੂ ਪ੍ਰਾਪਤ ਕਰ ਲੈਂਦਾ ਹੈ। ਹੋਰ ਸਭ ਲੁਕਾਈ ਭਰਮ ਭੁਲਾਈ ਫਿਰਦੀ ਹੈ। ਆਪਣੀ ਚਤਰਾਈ ਕਰਿ ਨਿਜ ਫਹਿਮ-ਫਹਿਮਾਈ ਕਰਿ ਕੁਛ ਨਹੀਂ ਪਾਇਆ ਜਾ ਸਕਦਾ। ਗੁਰਪ੍ਰਸਾਦਿ ਕਰਿ ਜਿਸ ਉਤੇ ਗੁਰੂ ਕਰਤਾਰ ਦੀ

www.AKJ.Org

ਬਖਸ਼ਿਸ਼ ਹੋ ਜਾਵੇ ਸੋਈ ਜਨ ਇਸ ਪਦ ਪ੍ਰਾਪਤੀ ਦਾ ਪਾਤਰ ਬਣਦਾ ਹੈ। ਭਉ ਭਾਉ ਸਰਧਾ ਭਾਵਨੀ ਕਾਇਆਂ ਅਦਰ ਹੀ ਆਇ ਵਸਦੀ ਹੈ ਅਤੇ ਗੁਰਪ੍ਰਸਾਦਿ ਕਰ ਪਾਈਦੀ ਹੈ. ਕਾਇਆਂ ਅੰਦਰ ਬ੍ਰਹਮਾ ਵਿਸ਼ਨ ਮਹੇਸ਼ ਸ੍ਰਿਸ਼ਟੀ ਦੀ ਉਤਪਤੀ ਆਦ ਕਰਨ ਵਾਲੇ ਤਿਨੀ ਦੇਵਤਿਆਂ ਦੀ ਹੋਂਦ ਦੀ ਅਸਲ ਹਕੀਕਤ ਦਾ ਪਤਾ ਲਗਦਾ ਹੈ ਅਤੇ ਕਾਇਆਂ ਅੰਦਰ ਹੀ ਏਹ ਅਪ੍ਰੱਖਸ਼ ਗਿਆਨ ਹੁੰਦਾ ਹੈ ਕਿ ਆਵਾਗਵਨ ਵਾਲੇ ਸੰਸਾਰਕ ਪਸਾਰੇ ਦਾ ਕਰਤੇ ਨੇ ਇਕ ਖੇਲ ਰਚਾਇਆ ਹੈ। ਪੂਰੇ ਸਤਿਗੁਰੂ ਨੇ ਆਪ ਏਹ ਸਭ ਨਜ਼ਾਰਾ ਆਪਣੇ ਗੁਰਮੁਖ ਗੁਰਸਿਖਾਂ ਨੂੰ ਉਹਨਾਂ ਦੀ ਆਪਣੀ ਅਖੀਂ ਵਿਖਾ ਦਿਤਾ ਹੈ ਅਤੇ ਸਚੇ ਨਾਮ ਦੁਆਰਾ ਸਚਾ ਨਿਸਤਾਰਾ ਕਰਾ ਦਿਤਾ ਹੈ। ਸੋ ਕਾਇਆਂ ਹੀ ਸੁਹੇਲੀ ਹੈ, ਜਿਸ ਵਿਚ ਨਾਮ ਦਾ ਬਿਲੋਵਨਾ ਬਿਲੋਇਕੇ ਸਤਿਗੁਰ ਦਰਸਾਈ ਭਗਤਿ ਕਮਾਈ ਕੀਤੀ ਜਾਵੇ। ਉਹ ਕਾਇਆਂ ਸਚੇ ਨੇ ਆਪ ਸਾਜੀ ਸਵਾਰੀ ਸੰਵਾਰੀ ਹੈ। ਨਾਮ ਬਿਨਾਂ ਦਰ ਢੋਈ ਨਹੀਂ ਮਿਲਦੀ ਅਤੇ ਦਰ ਢੋਈ ਨਾ ਮਿਲਣ ਕਰ ਜਮਦੂਤਾਂ ਦੇ ਧੱਕੇ ਧੂਸੇ ਸਹਿਣੇ ਪੈਂਦੇ ਹਨ, ਜਿਸ ਨੂੰ ਸਤਿਗੁਰੂ ਦੀ ਅਪਾਰ ਕਿਰਪਾ ਹੋਈ ਉਸ ਨੂੰ ਹੀ ਸਚੀ ਵਡਿਆਈ ਉਸ ਦੇ ਦਰ ਤੋਂ ਪ੍ਰਾਪਤ ਹੁੰਦੀ ਹੈ, ਸਚੁ ਨਾਮ ਦੀ ਵਡਿਆਈ ਉਸ ਨੂੰ ਹੀ ਮਿਲਦੀ ਹੈ।

ਸਚੁ ਨਾਮੁ ਵਡਿਆਈ ਦੇ ਚਲਤ ਬਚਿਤ੍ਰ ਹਨ। ਨਾਮ ਅਭਿਆਸ ਦਾ ਬਿਲੋਵਨਾ ਘਟ ਅੰਤਰਿ ਬਿਲੋਈਦਾ ਹੈ, ਸੋ ਇਸ ਵਡਿਆਈ ਦੀ ਬਚਿਤਰਤਾ ਘਟ ਅੰਤਰਿ ਹੀ ਵਰਤਦੀ ਹੈ। ਪਾਰਸ ਨਾਮ ਦੀ ਪਵਨ ਸੁਆਸੀ ਸੁਪਰਸ ਨਾਲਿ ਕਾਂਇਆਂ ਕੰਚਨ ਵੰਨੀ ਹੋ ਜਾਂਦੀ ਹੈ। ਕਾਇਆ ਅੰਦਰ ਰਸ-ਜੋਤਿ ਅੰਮ੍ਰਿਤ ਭੋਇਆ ਜਾਂਦਾ ਹੈ। ਅਰਧ ਉਰਧੀ ਅਭਿਆਸ-ਪਵਨ ਝਰਨਾਟਾ ਰਸ-ਜੋਤਿ ਮਧਾਣਾ ਹੋ ਕੇ ਗਲੂ ਮੇਰ ਛਾਤੀ ਤੋਂ ਲਾਕੇ ਨਾਭੀ ਤੀਕ ਫਿਰ ਜਾਂਦਾ ਹੈ। ਕਈ ਵਾਰ ਨਾਭੀ ਤੋਂ ਹੇਠਾਂ ਭੀ ਉਤਰ ਜਾਂਦਾ ਹੈ। ਏਹ ਏਤਨਾ ਥਾਉਂ ਆਤਮ ਰਸ ਰਸਾਇਣੀ ਕਾਮਣ ਕਾਇਆਂ ਦੀ ਸੇਜਾ ਹੈ। ਇਸ ਸੇਜਾ ਉਤੇ ਰੀਸਾਲੂ ਕੰਤੜਾ ਰਸ-ਜੋਤ ਮਧਾਣੇ ਦੇ ਬਿਲੋਵਨ ਰੂਪੀ ਮਧਾਣੇ ਦੁਆਰਾ ਆਤਮ ਭੋਗ ਅਚਰਜ ਬਿਸਮਾਤਮ ਭੋਗ ਰਚ ਉਂਦਾ ਹੈ। ਜਿਉਂ

www.AKJ.Org

ਜਿਉਂ ਹਿਲੋਰੇ ਵਜਦੇ ਹਨ ਤਿਉਂ ਤਿਉਂ ਆਤਮ-ਪਰਮਾਤਮੀ ਮੇਲ ਦੇ ਪ੍ਰੇਮਅ ਧਭੁਤ ਝੂਟੇ ਆਉਂਦੇ ਹਨ। ਇਕ ਇਕ ਝੂਟੇ ਨਾਲ ਰਸ ਜੋਤ ਆਨੰਦੀ ਖਿੜਾਉ ਹੋਰੋ ਹੋਰ ਬਿਸਮ ਰੰਗਾਂ ਵਿਚ ਸਾਰੀ ਕਾਇਆਂ ਅੰਦਰ ਅੰਮ੍ਰਿਤ ਜੋਤਿ ਕ੍ਰਿਣ ਕ੍ਰਿਸ਼ਮਾ ਹੋ ਕੇ ਪਸਰਦਾ ਜਾਂਦਾ ਹੈ। ਅੰਤਰਿ-ਬਾਹਰ ਰਸ ਜੋਤਿ ਉਜਿਆਰਾ, ਅਸਹਿ ਆਤਮ-ਆਨੰਦ ਭੋਗ ਦੀਆਂ ਪ੍ਰਚੰਡ ਗਿਆਨ ਤੱਤ ਅਤ੍ਰਗਤੀਆਂ ਆਭਾਂ ਮਾਰ ਕੇ ਛਲਕ ਉਠਦਾ ਹੈ। ਗਿਆਨ ਰਾਉ ਪਰਤੱਖ ਸਜ ਰਮੀਅੜਾ ਹੋ ਕੇ ਆਤਮ ਭੋਗ ਰਚਾਉਂਦਾ ਹੈ। ਇਸ ਬਿਧ ਨਿਤ ਦਿਨ ਰਾਤ ਆਤਮ ਭੋਗ ਅਨੰਦੀ ਰੰਗ ਰਲੀਆਂ ਦਾ ਸੁਹਾਗ ਸੰਜੋਗ ਬਣਿਆ ਰਹਿੰਦਾ ਹੈ। ਅਜੇਹਾ ਉਪਰਲਾ ਭਾਵ ਇਸ ਗੁਰਵਾਕ ਦੁਤੁਕੀ ਅੰਦਰ ਹੈ। ਯਥਾ ਗੁਰਵਾਕ:

"ਕਾਇਆਂ ਸੇਜ ਗੁਰਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ।
ਅਨਦਿਨ ਸੁਖ ਮਾਣੇ ਨਿਤ ਰਲੀਆ ਨਾਨਕ ਧੁਰ ਸੰਜੋਗੋ।"
"ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗ ਕਰੇਈ॥"

ਕਰਤੇ ਪੁਰਖ ਨੇ ਇਹ ਇਕ ਅਚਰਜ ਖੇਲ ਰਚਾਇਆ ਹੈ ਕਿ ਕਾਇਆਂ ਸਰੀਰ ਅੰਦਰ ਹੀ ਸਭ ਕੁਛ ਪਾ ਦਿਤਾ ਹੈ ਅਤੇ ਸੁਗੰਮ ਗਿਆਨੜ ਚੋਜ ਰਚਾ ਦਿਤਾ ਹੈ। ਸ਼ਬਦ ਨਾਲ ਸੁਰਤ ਵਿੰਨ ਕੇ ਅਤੇ ਕਾਇਆਂ ਸੇਜ-ਅੰਤਰੇ ਅੰਮ੍ਰਿਤ ਜੋਤ-ਰਸ ਗੁਨ੍ਹ ਕੇ ਹੀਰੈ ਹੀਰ ਵਿਧੰਨਕੇ ਜੋ ਕੋਈ ਗੁਰਮੁਖਿ ਰਸ-ਰਸੀਅੜਾ ਜਨ ਚਾਹੇ ਇਸ ਬਿਧਿ ਸੁਰਤੀ ਬਿਰਤੀ ਸੁਰਤ ਨਾਲ ਲਾਇਕੇ ਜੋਤੀ ਜੋਤ ਵਿਧਾਇਕੇ ਅੰਕੇ ਅੰਕ ਮਿਲਾਇਕੇ ਸੇਜੈ ਘਟ ਅੰਦਰ ਹੀ ਮਹਲੀ ਨੂੰ ਬੁਲਾਇ ਲੈਂਦਾ ਹੈ ਤੇ ਜੋਤਿ ਲਾਇ ਜਗਦੀਸ ਜਗਾਇ ਲੈਂਦਾ ਹੈ। ਯਥਾ ਗੁਰਵਾਕ :—

"ਤਿਨ ਕਰਤੈ ਇਕੁ ਖੇਲੁ ਰਚਾਇਆ।
ਕਾਇਆ ਸਰੀਰੈ ਵਿਚ ਸਭੁ ਕਿਛ ਪਾਇਆ।
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਿਲ ਬੁਲੌਂਵਣਿਆ"। ਮਾਝ ਮ: ੩

ਕਾਇਆਂ ਦੇਹੀ ਅੰਦਰ ਜੋਤ ਜਗਾਇਕੇ ਰਸ ਰਾਵਨ ਹਾਰਾ ਸਬਦੁ ਹੀ ਭਤਾਰ ਰੂਪ ਹੈ ਜੋ ਅਨਦਿਨ ਭੋਗ ਭੋਗ ਕੇ ਕਾਇਆਂ ਨੂੰ ਕੰਚਨ ਵੰਨੀ ਅਤੇ ਫੁੱਲ ਵਰਗੀ ਸੁਫੱਲੀ ਬਣਾ ਦਿੰਦਾ ਹੈ ਅਤੇ ਏਹ ਸਰੀਰ ਰੂਪੀ ਮਹਿਲ

www.AKJ.Org

ਅੰਦਰ ਹੀ ਅਸਚਰਜ ਅਲੌਕਿਕ ਦਿਬ ਜੋਤੀ ਮਹਿਲ ਮਉਲਾਇ ਲੈਂਦਾ ਹੈ ਅਤੇ ਅਜਰ ਨੂੰ ਜਰਾਇ ਲੈਂਦਾ ਹੈ । ਅਚਰਜ ਕੌਤਕੀ ਭਾਣੇ ਦਾ ਸੁਖ ਮਨਾਇ ਲੈਂਦਾ ਹੈ ਅਤੇ ਜੋਤੀ ਜੋਤ ਸਮਾਇ ਰਹਿੰਦਾ ਹੈ । ਯਥਾ ਗੁਰਵਾਕ —

"ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗੁ ਭੋਗ ਹਰਿ ਸਿਉ ਪਿਆਰੋ ॥ ਮਹਲਾ ਅੰਦਰਿ ਗੈਰ ਮਹਲ ਪਾਏ ਭਾਣਾ ਬੂਝਿ ਸਮਾਹਾ ਹੇ।"

ਮਾਰੂ ਮ: ੩

ਇਸ ਪਦ ਪਹੁੰਚਕੇ ਗੁਰਮੁਖਾਂ ਦਾ ਮਨ ਉਲਟ ਸਨਾਤਨ ਹੋ ਜਾਂਦਾ ਹੈ। ਜੋਤਿ ਸਰੂਪ ਹੋ ਜਾਂਦਾ ਹੈ। ਆਪਣੇ ਮੂਲ ਅਸਲੇ ਅੰਸ ਆ ਹ ਜਾਂਦਾ ਹੈ। ਗੁਰਮਖਿ ਦੇ ਮਨ ਦੀ ਇਸ ਉਲਟ ਪਰਾਣੀ ਦਸ਼ਾ ਅੰਤਰਿ ਬਿਨਾ ਨਾਮ ਬਾਣੀ ਦੇ ਹਰ.ਸਭ ਬੇਹੂਦਾ ਸੰਸਕਾਰ ਅਤੇ ਆਲੂਦਾ ਖਿਆਲੀ ਆਵਾਜ਼ ਦੂਜੇ ਭਾਵ ਦੇ ਸੰਕਲਪ ਫੁਰਨੇ ਉਕੇ ਹੀ ਨਸਤੋ-ਨਾਬੂਦ ਹੋ ਜਾਂਦੇ ਹਨ । ਦਸਵੇਂ ਆਕਾਸ਼ ਵਿਚ ਚੜ੍ਹਿਆਂ ਹੋਇਆ ਗੁਰਮੁਖ ਦਾ ਮਨ ਅਨਹਦ ਨਾਦ ਬਾਣੀ ਦਾ ਰਸ ਆਨਦ ਹੀ ਹਰਦਮ ਭੁੰਚਦਾ ਰਹਿੰਦਾ ਹੈ । ਇਹ ਇਕ ਰਸ ਅਦੁਤੀ ਆਨੰਦ ਦੀ ਮਗਨਤਾ ਇਕ ਛਿਨ ਭੀ ਗੁਰਮਖ ਜਨਾਂ ਨੂੰ ਦੂਜੇ ਭਾਵ ਵਿਚ ਪਰਿਵਰਤ ਨਹੀਂ ਹੋਣ ਦਿੰਦੀ। ਉਹ ਬਚਨ ਬਲਾਸ ਹਾਸ ਹੁਲਾਸ ਕਰਦੇ ਹੋਏ ਭੀ ਏਸ ਰਸ ਮਗਨਤਾ ਵਿਚ ਲੀਨ ਰਹਿੰਦੇ ਹਨ, ਐਵੇਂ ਕਾਰ ਵਿਹਾਰੀ ਠਾਠਾਂ ਬਾਗਾ ਕਰਿ ਛਡਦੇ ਹਨ। ਅੰਦਰ ਖਾਨਿਓਂ ਨਾਮ ਅਤੇ ਨਾਮੀ ਰੂਪ ਤਤ ਅਪਾਰ ਸਚੁ ਸਰੂਪ ਵਿਚ ਰਤੇ ਰਹਿੰਦੇ ਹਨ । ਪ੍ਰਵਿਰਤੀ ਵਲੋਂ ਉਕੀ ਹੀ ਉਪਰਾਮਤਾ ਉਹਨਾਂ ਨੂੰ ਹੁੰਦੀ ਹੈ। ਰੰਗ ਰਤੜੀ ਦਸ਼ਾ ਵਾਲ ਅਮਰ ਅਟਾਰੜ ਵੈਰਾਗ ਸਦਾ ਹੀ ਉਹਨਾਂ ਦੇ ਦਿਲ ਦਿਮਾਗ ਅੰਦਰਿ ਛਾਇਆ ਉਮਡਾਇਆ ਰਹਿੰਦਾ ਹੈ। ਵਾਸਤਵ ਵਿਚ ਉਹਨਾਂ ਦਾ ਵਾਸ ਨਿਜ ਘਰ ਅੰਦਰ ਹੀ ਵਸਾਇਆ ਰਹਿੰਦਾ ਹੈ । ਯਥਾ ਗੁਰਵਾਕ :—

"ਗੁਰਮੁਖਿ ਮਨੂਆ ਉਲਟਿ ਪਰਾਵੈ । ਗੁਰਮੁਖਿ
ਬਾਣੀ ਨਾਦ ਵਜਾਵੈ ॥ ਗੁਰਮੁਖਿ ਸਚ ਰਤੇ
ਬੈਰਾਗੀ ਨਿਜ਼ ਘਰਿ ਵਾਸਾ ਪਾਇਦਾ॥" ਮਾਰੂ ਮ: ੩

www.AKJ.Org

ਗੁਰਮਤਿ ਨਾਮ ਰੂਪੀ ਗੁਰ ਸਬਦ ਨਿਰੰਕਾਰ-ਆਕਾਰਾ ਅਪਰ ਅਪਾਰਾ ਸਬਦੁ ਹੈ। ਜਿਸ ਕਾਇਆਂ ਅੰਦਰਿ ਏਹ ਸਬਦ ਅਪਾਰਾ ਰਵ ਗਿਆ ਹੈ ਅਤੇ ਰਵ ਰਹਿਆ ਹੁੰਦਾ ਹੈ ਓਹ ਕਾਇਆਂ ਭੀ ਅਪਰ ਅਪਾਰੜੇ ਕੰਚਨ ਦੇ ਕੋਟ (ਮਹਲ) ਨਾਲੋਂ ਭੀ ਅਧਿਕ ਕੀਮ ਕੀਮਾਂਤ੍ਰੀ ਹੋ ਜਾਂਦੀ ਹੈ। ਇਉਂ ਕਾਇਆਂ ਕੰਚਨ ਕੋਟੀਏ ਹੋਕੇ ਗੁਰਮੁਖ ਜਨ ਸਚੇ ਸਾਹਿਬ ਦੇ ਸਨਮੁਖਿ ਨਿਕਟ ਦਿਦਾਰੀ ਹੋਕੇ ਗੁਣ ਗਾਂਵਦੇ ਹਨ ਅਤ ਸਿਫਤਿ ਸਲਾਹੀ ਬਣਦੇ ਹਨ ਅਤੇ ਪ੍ਰੀਤਮ ਵਾਹਿਗੁਰੂ ਦੇ ਸਚੜੇ ਮਲ ਮਿਲਾਪ ਦਾ ਸਚੜਾ ਸੁਖ ਆਨੰਦ ਮਾਣਦੇ ਨ। ਯਥਾ ਗੁਰਵਾਕ:—

"ਕਾਇਆ ਕੰਚਨ ਕੋਟੁ ਅਪਾਰਾ ॥ ਜਿਸ
ਵਿਚਿ ਰਵਿਆ ਸਬਦੁ ਅਪਾਰਾ ॥ ਗੁਰਮੁਖਿ
ਗਾਵੈ ਸਦਾ ਗੁਣ ਸਾਚ ਮਿਲਿ ਪ੍ਰੀਤਮ ਸੁਖੁ
ਪਾਵਣਿਆ ॥" ਮਾਰੂ ਮ: ੩

ਗੁਰ ਕੇ ਸਬਦ ਦੁਆਰਾ ਨਾਮ ਦੇ ਵਣਜਾਰੇ ਗੁਰਮੁਖ ਸਿਖ ਭਗਤ ਕਾਇਆਂ ਅੰਦਰ ਹੀ ਨਾਮ ਦਾ ਸਚਾ ਵਣਜ ਵਪਾਰ ਕਰਦੇ ਹਨ ਅਤੇ ਕਾਇਆਂ ਅੰਦਰੋਂ ਹੀ ਨਾਮੀ ਅਕਾਲ ਪੁਰਖ ਰੂਪ ਸਚੁ ਵਖਰੁ ਦੀ ਪ੍ਰਾਪਤੀ ਕਰ ਲੈਂਦੇ ਹਨ। ਕਾਇਆਂ ਅੰਦਰ ਹੀ ਹਰਿ ਪਰਮਾਤਮਾ ਪਰਜੁਲਤ ਹੋਣ ਕਰਿ ਕਾਇਆਂ ਹਰੀ ਮੰਦਰਿ ਬਣ ਜਾਂਦੀ ਹੈ। ਹਰੀ ਦਾ ਵਾਸਾ ਅੰਦਰਿ ਹੋਣ ਕਰਿ ਇਹ ਕਾਇਆਂ ਹਰਿਮੰਦਰ ਬਣ ਜਾਂਦੀ ਹੈ। ਆਪ ਹੀ ਵਾਹਿਗੁਰੂ ਇਸ ਨੂੰ ਆਪਣਾ ਵਾਸ ਦੇ ਕੇ ਹਰਿਮੰਦਰ ਬਣਾ ਸੰਵਾਰ ਲੈਂਦਾ ਹੈ। ਸੁਕ੍ਰਿਤ ਕਰਨੀ ਨੂੰ ਫਲ ਤਦੇ ਲਗਦਾ ਹੈ ਜਦ ਨਦਰੀ ਨਦਰ ਨਿਹਾਲ ਹੋ ਕੇ ਪੁਰਖ ਅਕਾਲ ਆਪਿ ਤਠਦਾ ਰੀਝਦਾ ਹੈ। ਯਥਾ ਗੁਰਵਾਕ:—

"ਕਾਇਆ ਹਰਿਮੰਦਰ ਹਰਿ ਆਪਿ ਸਵਾਰੇ ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥ ਗੁਰ
ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ
ਮਿਲਾਇੰਦਾ ॥" ਮਾਰੂ ਮ: ੩

ਗੁਰ ਸਬਦ ਦੀ ਵਿਚਾਰ ਅਭਿਆਸ ਰੂਪ ਕਮਾਈ ਦੁਆਰਾ ਹੀ

www.AKJ.Org

ਕਾਇਆਂ ਕੰਚਨ ਰੂਪ ਪਾਰਸ ਚੰਨਣ ਬਣਦੀ ਹੈ। ਜਿਸ ਵਾਹਿਗੁਰੂ ਦਾ ਕੋਈ ਅੰਤ ਸ਼ੁਮਾਰ ਤੇ ਪਾਰਾਵਾਰ ਨਹੀਂ ਓਹ ਪਾਰਬ੍ਰਹਮ ਪੂਰਨ ਪਰਮੇਸ਼ਰ ਅਚੁਤ ਅਬਨਾਸ਼ੀ ਪੁਰਖ ਕਾਇਆਂ ਅੰਦਰ ਆਇ ਵਸਦਾ ਰਹਿੰਦਾ ਹੈ ਅਤੇ ਵਾਹਿਗੁਰੂ ਰੂਪੀ ਸਚੀ ਬਾਣੀ ਦਾ ਅਭਿਆਸ ਰੂਪ ਸੇਵਨ ਕਰਨ ਕਰਿ ਸਬਦ ਸੁਰਤਿ ਦੀ ਬਰਕਤ ਨਾਲਿ ਅਗਮ ਅਗੋਚਰ ਵਾਹਿਗੁਰੂ ਕਾਇਆਂ ਵਿਚ ਹੀ ਮਿਲ ਪੈਂਦਾ ਹੈ, ਯਥਾ ਗੁਰਵਾਕ—

"ਕਾਂਇਆ ਕੰਚਨੁ ਸਬਦੁ ਵੀਚਾਰਾ ॥ ਤਿਥ
ਹਰਿਵਸੈ ਜਿਸ ਦਾ ਅੰਤ ਨ ਪਾਰਾਵਰਾ ॥ ਅਨ
ਦਿਨੁ ਹਰਿ ਸੇਵਿਹੁ ਸਚੀ ਬਾਣੀ ਹਰਿ ਜੀਉ
ਸਬਦਿ ਮਿਲਾਇੰਦਾ।" ਮਾਰੂ ਮ: ੩

ਏਹੋ ਕਾਇਆਂ ਜੋ ਮਨਮੁਖਾਂ ਦੇ ਭਾਣੇ ਇਕ ਮੜ੍ਹਾ ਸਰੀਰ ਹੀ ਹੈ ਤੇ ਮਹਿਜ਼ ਹਾਡ ਮਾਸ ਨਾੜੀ ਦਾ ਪਿੰਜਰ ਹੀ ਹੈ। ਏਹੋ ਕਾਂਇਆਂ ਕੰਚਨ ਕੋਟ ਅਪਾਰੜੀ ਕਾਇਆਂ ਬਣ ਜਾਂਦੀ ਹੈ ਜਦੋਂ ਕਿ ਇਹ ਗੁਰਮੁਖਾਂ ਦੇ ਸਰੀਰ ਅੰਗੀ ਕਾਇਆਂ ਹੁੰਦੀ ਹੈ। ਗੁਰਮੁਖ ਨਾਮ ਅਭਿਆਸੀ ਵਣਜਾਰੇ ਜਦੋਂ ਨਾਮ ਅਭਿਆਸ ਰੂਪੀ ਵਣਜ ਸਚਾ ਸਉਦਾ ਇਸ ਅੰਦਰ ਕਰਦੇ ਹਨ ਤਾਂ ਇਸ ਵਿਚੋਂ ਨਿਰੇ ਲਾਲ ਜਵੇਹਰ ਰਤਨ ਅਮੋਲਨੀ ਵਸਤੁ ਸੰਮਾਲ ਲੈਂਦੇ ਹਨ। ਨਾਮ ਨਿਧਾਨ ਰੂਪੀ ਹੀਰੇ ਪਰਵਾਲੇ ਕਾਇਆਂ ਕਟ ਅਪਾਰੜੀ ਅੰਦਰਲੀ ਹਟੜੀ ਵਿਚੋਂ ਹੀ ਲਭ ਲੈਂਦੇ ਹਨ। ਇਸ ਕਾਇਆਂ ਤੋਂ ਬਾਹਰ ਜੋ ਹੋਰਥੇ ਇਹ ਵਥ ਖੋਜਦੇ ਹਨ ਸੋ ਮਨ ਮੁਖਿ ਮੂੜ੍ਹ ਬੇਤਾਲੇ ਹਨ। ਉਹ ਔਝੜ ਭਰਮ ਭਵਾਈਦੇ ਫਿਰਦੇ ਹਨ ਜਿਉ ਮਿਰਗ ਝਾੜਾਂ ਨੂੰ ਭਾਲਦਾ ਫਿਰਦਾ ਹੈ। ਨਾਫਾ ਕਸਤੂਰੀ ਤਾਂ ਉਸ ਦੇ ਅੰਦਰਿ ਹੀ ਹੁੰਦਾ ਹੈ ਪਰੰਤੂ ਓਹ ਭਰਮ ਭੁਲਾ ਅਉਝੜਿ ਉਜਾੜਾਂ ਵਿਖੇ ਹੀ ਉਸ ਨੂੰ ਟੋਲਦਾ ਹੈ। ਯਥਾ ਗੁਰਵਾਕ :—

"ਕਾਇਆਂ ਕੋਟ ਅਪਾਰ ਹੈ ਅੰਦਰਿ ਹਟ
ਨਾਲੇ ॥ ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ
ਸਮਾਲੇ ॥ ਨਾਮ ਨਿਧਾਨੁ ਹਰਿ ਵਣਜੀਐ
ਹੀਰੇ ਪਰਵਾਲੇ ॥ ਵਿਣੁ ਕਾਇਆ ਜਿ ਹੋਰਥੈ

www.AKJ.Org

ਧਨੁ ਖੋਜਦੇ ਸੇ ਮੂੜ ਬੇਤਾਲੇ ॥ ਸੇ ਆਉਝੜਿ
ਭ੍ਰਮਿ ਭਵਾਹਿ ਜਿਉ ਝਾੜ ਮਿਰਗੁ ਭਾਲੇ ।"
(ਗਉੜੀ ਕੀ ਵਾਰ)

"ਅੰਦਰਿ ਹਟਨਾਲੇ" ਤੋਂ ਇਹ ਭਾਵ ਨਹੀਂ ਕਿ ਕਾਇਆਂ ਅੰਦਰਿ ਹਟਾਂ ਮਈ ਖਾਨੇ ਬਣ ਹੋਏ ਹਨ । ਜੋਤਿ ਪ੍ਰਕਾਸ਼ ਸੁਰਜੀਤਨੀ ਬਵਸਥਾ ਜਦੋਂ ਨਾਮ ਅਭਿਆਸ ਕਮਾਈ ਦੁਆਰਾ ਬਝਦੀ ਹੈ ਓਦੋਂ ਇਸ ਕਾਇਆਂ ਦੀ ਕਾਇਆਂ ਪਲਟ ਹੋ ਜਾਂਦੀ ਹੈ ਅਤੇ ਉਪਰਲੇ ਗੁਰ ਪ੍ਰਮਾਣ ਭਾਵ ਦਰਸਾਇਣੀ ਦਸ਼ਾ ਸਾਂਗੋਪਾਂਗ ਹਰੇਕ ਘਟ ਹਟ ਅੰਦਰ ਵਾਪਰ ਜਾਂਦੀ ਹੈ । ਕਾਇਆਂ ਰੂਪੀ ਨਗਰੀ ਅੰਦਰਿ ਨਾਮ ਬੀਜ ਬੀਜਿਆ ਹੋਇਆ ਜਦੋਂ ਅਭਿਆਸ ਕਮਾਈ ਦੁਆਰਾ ਸੁਫਲ ਫਲਦਾ ਹੈ ਤਦੋਂ ਅੰਤਰ ਜੋਤਿ ਚਰਾਗੀ ਜੁਗਨੂਆਂ ਦੇ ਜਗ ਉਠਣ ਨਾਲ ਪਾਰਜਾਤੀ ਜਮਾਉ ਵਾਲਾ ਖੇਤ ਸਭ ਖਿੜਿਆ ਹਇਆ ਬਾਗ ਹੋ ਜਾਂਦਾ ਹੈ । ਉਸ ਹਰੇ ਭਰੇ ਸਰ ਸਬਜ਼ ਬਾਗ ਨੂੰ ਨਵੀਂ ਪ੍ਰਭਾਤ ਸਿੰਚਣ ਲਈ ਅਤੇ ਸਦਾ ਸ਼ਾਬਾਬ ਰਖਣ ਲਈ ਅਸਥਿਰ ਹੋਈ ਸੁਰਤਿ ਨੂੰ ਸ਼ਬਦ ਵਿਖੇ ਜੋੜ ਕੇ ਦਿਨ ਰਾਤ ਜੁਟੇ ਰਹਿਣਾ ਸੁਤੇ ਆਹਾਰ ਅਤੇ ਆਧਾਰ ਰੂਪ ਹੋ ਜਾਂਦਾ ਹੈ । ਯਥਾ ਗੁਰਵਾਕ :—

"ਕਾਇਆ ਨਗਰ ਮਹਿ ਕਰਮ ਹਰਿ ਬੋਵਹੁ
ਹਰਿ ਜਾਮੈ ਹਰਿਆ ਖੇਤ ॥ ਮਨੂਆ ਅਸ-
ਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ
ਗੁਰਮਤਿ ਜੇਤੁ ।" ਆਸਾ ਮ: ੪

ਸਾਰੀ ਖੇਡ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਮੋਅਜਜ਼ ਦੀ ਹੈ । ਜਿਨ੍ਹਾਂ ਨੇ ਪਾਰਸ ਕਮਾਈ ਦੇ ਰਸਾਊਣ ਦੁਆਰਾ ਨਾਮ ਨਾਮੀ ਦੀ ਜੋਤਿ ਪ੍ਰਕਾਸ਼ ਰੂਪ ਵਸਤੂ ਨੂੰ ਸੰਮ੍ਹਾਲ ਲਿਆ ਹੈ, ਓਹਨਾਂ ਨੂੰ ਕਾਇਆ ਕਟ ਅੰਦਰ ਹੀ ਇਸ ਵਸਤੂ ਵਿਹਾਜਣ ਦੇ ਪੱਕੇ ਹਟ ਬਾਂਜਾਰ ਬਣੇ ਬਣਾਤੇ ਮਿਲ ਗਏ ਹਨ । ਬੱਸ, ਉਹਨਾਂ ਦਾ ਕਾਰ ਵਿਹਾਰ ਹੀ ਦਿਨ ਰਾਤੀ ਨਾਮ ਧਿਆਵਨ ਵਿਚ ਲਗੇ ਰਹਿਨਾ ਹੈ ਅਤੇ ਧਿਆਇ ਧਿਆਇ ਉਤਮ ਪਦਵੀ ਪਾਉਣਾ ਹੈ । ਯਥਾ ਗੁਰਵਾਕ :—

www.AKJ.Org

"ਕਾਇਆ ਕੋਟੁ ਪਕੇ ਹਟ ਨਾਲੇ ॥ ਗੁਰਮੁਖਿ
ਲੇਵੈ ਵਸਤੁ ਸੰਮਾਲੇ ॥ ਹਰਿ ਨਾਮੁ ਧਿਆਇ
ਦਿਨ ਰਾਤੀ ਊਤਮ ਪਦਵੀ ਪਾਇਦਾ ॥" ਮਾਰੂ ਮ: ੩

ਜਿਨਾਂ ਮਨਮੁਖਾਂ ਮੁਗਧ ਇਆਣਿਆਂ ਨੇ ਗੁਰਮੁਖਿ ਸਬਦੁ ਗੁਰ-ਮਤਿ ਨੂੰ ਨਹੀਂ ਬੁਝਿਆ । ਓਹਨਾਂ ਦਾ ਕਾਇਆਂ ਕਮਲ ਕੁਮਲ ਗਿਆ ਹੈ । ਗੁਰਪ੍ਰਸਾਦਿ ਕਰਿ ਹੀ ਕਾਇਆਂ ਵਿਚੋਂ ਗੁਰਮੁਖਿ ਜਨ੍ਹ ਸਚੇ ਖੋਜੀ ਬਣਕੇ ਜਗਜੀਵਨ ਦਾਤੇ ਨੂੰ ਪ੍ਰਗਟਾ ਸਕਦੇ ਹਨ ਯਥਾ ਗੁਰਵਾਕ :—

"ਕਾਇਆਂ ਕਮਲ ਹੈ ਕੁਮਲਾਣਾ ॥ ਮਨਮੁਖੁ ਸਬਦੁ ਨ ਬੁਝੈ
ਇਆਣਾ ॥ ਗੁਰਪ੍ਰਸਾਦੀ ਕਾਇਆ ਖੋਜੇ ਪਾਏ ਜਗਜੀਵਨ
ਦਾਤਾ ਹੇ ।" ਮਾਰੂ ਮ: ੩

ਕਾਇਆ ਗੜ੍ਹ ਦੀ ਪਾਰਸ ਕੰਚਨ ਹੋਈ ਸੁਹੱਪਣ ਦਾ ਤਤ ਗੁਰ-ਮਤਿ ਪਰੁਮਾਰਥੀ ਹੁਬਹੂ ਵਾਪਰਨ ਵਾਲਾ ਸੁੰਦਰ ਨਜ਼ਾਰਾ ਇਸ ਅਗਲੇ ਗੁਰਵਾਕ ਅੰਦਰ ਨਿਪੂਰਨ ਹੈ :—

"ਗੁਰਪਾਰਸ ਹਮ ਲੋਹ ਮਿਲ ਕੰਚਨ ਹੋਇਆ ਰਾਮ ॥ ਜੋਤੀ
ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥ ਕਾਇਆ
ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ ਕਿਉ ਸਾਸਿ ਗਿਰਾਸਿ
ਵਿਸਾਰੀਐ ॥ ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ
ਹਉ ਸਤਿਗੁਰ ਕੇ ਬਲਿਹਾਰੀਐ ॥ ਸਤਿਗੁਰ ਆਗੈ ਸੀਸ ਭੇਟ
ਦੇਉ ਜੇ ਸਤਿਗੁਰ ਸਾਚੇ ਭਾਵੈ ॥ ਆਪੇ ਦਇਆ ਕਰਹੁ ਪ੍ਰਭ
ਦਾਤੇ ਨਾਨਕ ਅੰਕਿ ਸਮਾਵੈ ॥" ਤੁਖਾਰੀ (ਮਹਲਾ ੪ ॥)

ਸਬਦ ਗੁਰੂ ਪਾਰਸ ਨੂੰ ਮਿਲਕੇ ਹਉਮੈ ਮਨੂਰ ਜੰਗਲੀਏ ਜੰਤ ਭੀ ਸੋਨਾ ਬਣ ਗਏ । ਸ਼ਬਦ ਗੁਰੂ ਵਾਹਿਗੁਰੂ (ਨਾਮ) ਦੇ ਪਾਰਸ ਰਸਾਇਣੀ ਸੁਆਸ ਗਿਰਾਸੀ ਅਭਿਆਸ ਕਮਾਈ ਦੀ ਬਰਕਤ ਨਾਲ ਘਟ ਅੰਤਰਿ ਹੀ ਜੋਤਿ ਜਗ ਪਈ । ਇਸ ਜੋਤਿ ਨੇ ਜੋਤੀ ਨਾਲ ਮਿਲਾ ਦਿਤਾ ਅਤੇ ਕਾਇਆ ਗੜ੍ਹ ਅੰਦਰ ਹੀ ਮਿਲਾ ਦਿਤਾ । ਜਿਸ ਤੋਂ ਕਾਇਆਂ ਰੂਪੀ ਗੜ੍ਹ ਅੰਤਰੋਂ ਬਾਹਰੋਂ ਜੋਤਿ

www.AKJ.Org

ਜਲਵੇ ਦੇ ਪ੍ਰਕਾਸ਼ ਤੇਜ ਦੀ ਸੁੰਦਰਤਾ ਨਾਲ ਦਗ਼ ਉਠਿਆ ਕਿਉਂ ਜੋ ਅੰਦਰ ਜੋਤ ਸਰੂਪ ਵਾਹਿਗੁਰੂ ਜਲਵਾਗਰ ਹੋ ਗਿਆ। ਐਸੇ ਸੁੰਦਰਤਾ ਕਰਿ ਸੋਹਿਅੜੇ ਕਾਇਆਂ ਗੜ੍ਹ ਰੂਪੀ ਬੰਕ ਦੁਆਰ ਅੰਦਰ ਜਲਵਾਗਰ ਹੋਏ ਮੋਹਿਅੜੇ ਪ੍ਰਭੂ ਨੂੰ ਵਿਸਾਰਿਆਂ ਭਲਾ ਕਿਵੇਂ ਸਰ ਸਕਦਾ ਹੈ। ਉਹ ਤਾਂ ਸਾਸ ਗਿਰਾਸ ਕਰ ਰੋਮ ਰੋਮ ਅੰਦਰ ਰਸ ਬੇਧੀਅੜਾ ਹੋ ਕੇ ਪ੍ਰੋਤਾ ਹੋਇਆ ਹੈ। ਜਿਸ ਗੁਰੂ ਦੇ ਸਬਦ ਮੰਤਰ ਦੀ ਪਾਰਸ ਗਾਰੜਤਾ ਦੁਆਰਾ ਅਦ੍ਰਿਸ਼ਟ ਅਗੋਚਰ ਵਾਹਿਗੁਰੂ ਨੂੰ ਪਕੜਕੇ ਕਾਂਇਆਂ ਗੜ੍ਹ ਅੰਦਰ ਹੀ ਜਕੜ ਲਿਆ ਹੈ, ਤਿਸ ਗੁਰੂ ਵਿਟਹੁ ਲਖ ਲਖ ਵਾਰ ਵਾਰਨੇ ਬਲਿਹਾਰਨੇ ਜਾਣਾ ਉਚਿਤ ਹੈ। ਐਸੇ ਸਤਿਗੁਰੂ ਧੰਨ ਗੁਰੂ ਨਾਨਕ ਦਸਮੇਸ ਸਿਰੀ ਗੁਰੂ ਗ੍ਰੰਥ ਸਾਹਿਬ ਅਗੇ ਸੀਸ ਭੇਟ ਕਰ ਦੇਣਾ, ਸੀਸ ਵਢਕੇ ਉਤਾਰ ਧਰਨਾ ਭੀ ਇਕ ਤੁਛ ਗਲ ਹੈ। ਜੇ ਸਤਿਗੁਰੂ ਹੁਕਮ ਕਰੇ ਤਾਂ ਆਪਣਾ ਆਪ ਸਾਰਾ ਹੀ ਹੋਮ ਦੇਈਏ ਉਸ ਸਚੇ ਸਤਿਗੁਰੂ ਅਗੇ ਜਿਸਨੇ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਪ੍ਰਭੂ ਪਰਮਾਤਮਾ ਦਾ ਘਟ ਅੰਤਰ ਹੀ ਸਾਂਗੋ ਪਾਂਗ ਦਰਸ਼ਨ ਦਿਖਾ ਦਿਤਾ ਹੈ। ਮਨਿ ਤਨਿ ਅੰਕਿ ਸਮਾਇ ਦਿਤਾ ਹੈ।

## ਰਿਸ਼ਤੇ

ਇਕ ਬੀ. ਐਸ. ਸੀ. ਪਾਸ ਸਿੰਘ ਲਈ ਜਿਸਦੀ ਉਮਰ 40 ਸਾਲ ਹੈ, ਗੁਰਸਿਖ ਬੀਬੀ ਦੀ ਲੋੜ ਹੈ। ਇਨ੍ਹਾਂ ਇਕੱਲਿਆਂ ਦੀ ਜ਼ਮੀਨ 28 ਕਿਲ੍ਹੇ ਹੈ ਤੇ ਵਿਚ ਟਯੂਬਵੈਲ ਹੈ। ਬੀਬੀ ਦੀ ਜਾਤ ਪਾਤ ਦਾ ਕੋਈ ਖਿਆਲ ਨਹੀਂ। ਬੇਸ਼ਕ ਘਟ ਪੜ੍ਹੀ ਹੋਵੇ ਤੇ ਬੇਸ਼ਕ ਗਰੀਬ ਘਰਾਣਾ ਹੋਵੇ।

www.AKJ.Org

# ਅਕਾਲ ਪੁਰਖ ਦੇ ਨਾਮ ਇਕ ਚਿੱਠੀ

ੴ ਸਤਿਗੁਰ ਪ੍ਰਸਾਦਿ ॥

ਪਿਆਰੇ ਰਸੀਆ ਜੀਓ,

ਤੁਸੀਂ ਆਪ ਹੀ ਸਮੂਹ ਰੱਸਾਂ ਦੇ ਰਾਵਣ ਵਾਲੇ ਹੋ। ਜੋਗੀਆਂ ਵਿੱਚ ਜੋਗੀ ਹੋ-ਭੋਗੀਆਂ ਵਿੱਚ ਭੋਗੀ ਹੋ-ਖਾਂਦੇ ਹੋ, ਪੀਂਦੇ ਹੋ, ਹਸਦੇ ਹੋ ਖੇਡਦੇ ਹੋ ਸੌਂਦੇ ਅਤੇ ਜਾਗਦੇ ਹੋ। ਪਰ ਹੇ ਅਚਰਜ ਲੀਲਾ ਵਰਤਾਉਣ ਵਾਲੇ ਚੋਜੀ ਪ੍ਰੀਤਮ ਜੀਓ ਮੇਰੇ ਮਨ ਦੀ ਇਹ ਦਸ਼ਾ ਹੈ :—

ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥
ਮਾਤਾ ਭੈਸਾ ਅੰਮੁਹਾ ਜਾਇ। ਕੁਦਿ ਕੁਦਿ ਚਰੈ ਰਸਾਤਲਿ ਪਾਇ ॥

ਵਿਸ਼ਿਆਂ ਵਾਲੀ ਬਿਰਤੀ ਵਿਚ ਹੱਸ ਹੱਸ ਕੇ ਝੂਠੀਆ ਮੌਜਾਂ ਮਾਨਣ ਵਾਲੇ ਮਨ ਨੂੰ ਆਪਣਾ ਜ਼ੋਰ ਪਾ ਕੇ ਹਟਕੋ। ਇਸ ਅਮੋੜ ਮਨ ਨੂੰ ਆਪਣੇ ਹੁਕਮ ਰੂਪੀ ਨਕੇਲ ਨਾਲ ਖਿਚੋ ਤੇ ਕਢ ਲਓ ਨਰਕਾਂ ਵਿਚ ਡਿਗ ਰਹੇ ਨੂੰ। ਕਿਰਪਾ ਕਰਕੇ ਕਢ ਲਉ ਮਾਇਆ ਦੀ ਜਿਲ੍ਹਣ ਵਿਚੋਂ ਤੇ ਬਣਾ ਲਓ ਸੱਚੇ ਨਾਮ ਦਾ ਰੱਸੀਆ। ਬਖਸ਼ ਦਿਓ ਸਿਮਰਨ ਦੇ ਖੁਲੇ ਗਫੇ। ਰੰਗ ਦਿਓ ਸੁਰਤ ਨੂੰ ਆਪਣੇ ਨਾਮ ਰੂਪੀ ਰੰਗਣ ਵਿਚ।

ਸਾਰੇ ਸੁਆਦਾਂ ਨੂੰ ਚੱਖ ਬੈਠਾ ਹੈ ਮਨ, ਪਰ ਮੁੜ ਮੁੜ ਧਾਉਂਦਾ ਹੈ ਲਪਟਾਉਂਦਾ ਹੈ ਵਿਸ਼ਿਆਂ ਰੂਪੀ ਵਾਸ਼ਨਾਂ ਨੂੰ। ਇਹ ਨਹੀਂ ਕਿ ਇਸ ਨੂੰ ਦੁਖ ਨਹੀਂ ਮਿਲਿਆ:ਦੁਖ ਤਾਂ ਇਸ ਨੇ ਬੜੇ ਵੇਖੇ ਹਨ। ਹੁਣ ਤਾਂ ਬੇਨਤੀ ਕਰਦਾ ਹੈ :—

ਅਨਿਕ ਜਨਮ ਬਹੁ ਜੋਨੀ ਭ੍ਰਮਿਆ
ਬਹੁਰਿ ਬਹੁਰਿ ਦੂਖੁ ਪਾਇਆ ॥
ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ
ਦੇਹੁ ਦਰਸੁ ਹਰਿ ਰਾਇਆ।

ਵਾਹਿਗੁਰੂ: ਵਾਹਿਗੁਰੂ: ਵਾਹਿਗੁਰੂ

"ਆਤਮ ਰਸੀਆ"

www.AKJ.Org

# ਬੱਚਿਆਂ ਹਥੋਂ ਦੁਖੀ ਮਾਪੇ

(ਸ੍ਰੀ ਗੁਰੂ ਨਾਨਕ ਸਤਸੰਗ ਸਭਾ, ਸਿੰਘਾ ਪੁਰ)

ਜਵਾਨ ਬਚਿਆਂ ਦੇ ਮਾਪੇ ਆਮ ਤੌਰ ਤੇ ਉਦਾਸ ਅਤੇ ਨਿਰਾਸ ਵੇਖੇ ਜਾਂਦੇ ਹਨ, ਬਲਿਕ ਜੇ ਉਹਨਾਂ ਨੂੰ ਉਹਨਾਂ ਦਾ ਕੋਈ ਐਸਾ ਮਿੱਤਰ ਮਿਲੇ, ਜਿਸ ਨਾਲ ਉਹ ਦਿਲ ਦੀ ਗਲ ਕਰ ਸਕਦੇ ਹੋਣ, ਤਾਂ ਜਵਾਨ ਬੱਚਿਆਂ ਦਾ ਜਿਕਰ ਕਰਦੇ ਉਹਨਾਂ ਦੀਆਂ ਅੱਖਾਂ ਵਿਚ ਅਥਰੂ ਤੇ ਦਿਲ ਵਿਚੋਂ ਹਉਕੇ ਨਿਕਲਦੇ ਹਨ, ਪਰ ਇਹ ਕੁਝ ਜਾਣਦਿਆਂ ਹੋਇਆਂ ਵੀ ਅਸੀਂ ਕਦੀ ਇਸ ਗਲ ਨੂੰ ਨਹੀਂ ਸੋਚਿਆ ਕਿ ਐਸਾ ਕਿਉਂ ਹੋ ਰਿਹਾ ਹੈ ? ਹਾਲਾਂ ਕਿ ਸਾਡਾ ਸਭ ਦਾ ਫਰਜ਼ ਹੈ ਕਿ ਅਸੀਂ ਇਸ ਦੀ ਤਹਿ ਤਕ ਪੁਜੀਏ, ਤਾਂ ਕਿ ਇਲਾਜ ਸੋਚਿਆ ਜਾ ਸਕੇ ।

ਜਿਥੋਂ ਤਕ ਸੇਵਕਾਂ ਨੇ ਇਸ ਬਾਰੇ ਸੋਚਿਆ ਹੈ, ਉਹ ਇਹ ਹੈ ਕਿ ਇਹ ਸਭ ਕਸੂਰ ਅਸਾਡਾ ਆਪਣਾ ਹੀ ਹੈ । ਜਦੋਂ ਬੱਚੇ ਦੀ ਉਮਰ ਛੋਟੀ ਹੁੰਦੀ ਹੈ । ਉਦੋਂ ਤੋਂ ਉਸ ਵਲ ਕੋਈ ਧਿਆਨ ਨਹੀਂ ਦਿਤਾ ਗਿਆ ਉਸਨੂੰ ਕਦੀ ਪਿਆਰ ਨਾਲ ਬਾਬਾ ਜੀ ਅਗੇ ਮੱਥਾ ਟੇਕਣਾ ਨਹੀਂ ਸਿਖਾਇਆ, ਕਦੀ ਅਰਦਾਸ (ਬੱਚੇ ਦੀ ਆਪਣੀ ਜ਼ਬਾਨ ਵਿਚ ਜੇਹੋ ਜੇਹੀ ਉਹ ਕਰ ਸਕੇ) ਕਰਨ ਲਈ ਪ੍ਰੇਰਨਾ ਨਹੀਂ ਦਿਤੀ ਗਈ । ਬੱਚਿਆਂ ਨੂੰ ਕਹਾਣੀਆਂ ਕੁਣਨ ਦਾ ਬੜਾ ਸ਼ੌਕ ਹੁੰਦਾ ਹੈ । ਅਸਾਡੇ ਸਿੱਖ ਇਤਿਹਾਸ ਦੀਆਂ ਸਾਖੀਆਂ ਦਾ ਖਜਾਨਾ ਭਰਪੂਰ ਹੈ, ਪਰ ਫਿਰ ਵੀ ਬਚੇ ਨੂੰ ਕਦੀ ਕੋਈ ਸਾਖੀ ਨਹੀਂ ਸੁਣਾਈ ਗਈ । ਬੱਚੇ ਨੇ ਜੇ ਕੜਾ ਨਹੀਂ ਪਾਇਆ ਹੋਇਆ ਤਾਂ ਕੋਈ ਪ੍ਰਵਾਹ ਨਹੀਂ ਕੀਤੀ ਗਈ, ਜੇ ਗੁਰਦਵਾਰੇ ਜਾ ਕੇ ਰੌਲਾ ਪਾਂਦਾ ਹੈ ਤਾਂ ਮੋੜਿਆ ਨਹੀਂ ਗਿਆ । ਕਦੀ ਜਪੁਜੀ ਸਾਹਿਬ ਦਾ ਪਠ (ਭਾਵੇਂ ਥੋੜੀਆਂ ਪੌੜੀਆ' ਤੋਂ ਸ਼ੁਰੂ ਕਰੇ) ਕਰਨ ਲਈ ਆਖਿਆ ਤਕ ਨਹੀਂ ਗਿਆ ਤੇ ਨਾ ਹੀ ਉਸਦੇ ਅੰਦਰ ਇਹ ਗਲ ਪਾਈ ਗਈ ਹੈ ਕਿ ਜੇ ਤੂੰ ਸਵੇਰੇ ਥੋੜਾ ਬਹੁਤ ਵੀ ਪਾਠ ਕਰ ਲਵੇਂਗਾ, ਤੇਰਾ ਸਾਰਾ ਦਿਨ ਬਹੁਤ ਹੱਛਾ ਗੁਜ਼ਰੇਗਾ । ਕਦੀ ਗੁਰਦਵਾਰੇ ਜਾ ਕੇ ਬੈਠਣ ਲਈ (ਭਾਵੇਂ ਕੁਝ ਮਿੰਟ ਹੀ ਸਹੀ) ਪਰੇਰਨਾ ਨਹੀਂ ਕੀਤੀ ਗਈ । ਉਸ ਨੂੰ ਕਦੇ ਦਸਿਆ ਨਹੀਂ ਗਿਆ ਕਿ ਵਾਹਿਗੁਰੂ ਕਹਨ ਨਾਲ ਬਾਬਾ ਜੀ (ਗੁਰੂ ਜੀ) ਹਰ ਖਾਹਸ਼ ਪੂਰੀ ਕਰਦੇ ਹਨ । ਬੱਚੇ ਨੂੰ ਘਰ ਵਿਚ ਕਦੀ ਪੰਜਾਬੀ ਬੋਲਣ ਲਈ ਪਰੇਰਨਾ ਨਹੀਂ ਕੀਤੀ ਗਈ, ਬਲਿਕ ਵੇਖਣ ਵਿਚ ਆਇਆ ਹੈ ਕਿ ਮਾਪੇ ਆਪ ਹੀ ਆਪਣੇ ਬਚੇ ਨਾਲ ਗੈਰ ਬੋਲੀ ਵਿਚ ਗੱਲਾਂ ਕਰਕੇ ਖੁਸ਼ ਹੁੰਦੇ ਹਨ । ਪਰ ਇਹ ਨਹੀਂ ਸਮਝ ਰਹੇ ਹੁੰਦੇ ਕਿ ਅਸੀਂ ਆਪਣੇ ਪੈਰਾਂ ਤੇ ਆਪ ਕੁਹਾੜਾ ਮਾਰ ਰਹੇ ਹਾਂ ਤੇ ਬਚੇ ਦਾ ਆਵਣ ਵਾਲਾ ਸਮਾਂ ਧੁੰਦਲਾ ਬਣਾ ਰਹੇ ਹਾਂ । ਫ਼ਿਰ ਤੁਸੀਂ ਹੀ ਦਸੋ, ਤੁਹਾਡੇ ਬਚਿਆਂ ਨੇ ਵਡੇ ਹੋ ਕੇ ਭੈੜੀ ਸੰਗਤ ਦੇ ਅਸਰ ਤੋਂ ਵਾਂਝੇ ਕਿਵੇਂ ਰਹਿਣਾ ਇਆ । ਇਹ ਜ਼ਰੂਰੀ ਗਲਾਂ ਹਨ,



www.AKJ.Org

ਪਰ ਇਹਨਾਂ ਨੂੰ ਮਾਮੂਲੀ ਸਮਝਕੇ ਨਜ਼ਰੋਂ ਉਹਲੇ ਕੀਤਾ ਹੈ। ਇਸ ਤਰ੍ਹਾਂ ਅਸੀਂ ਕਦ ਤਕ ਉਮੀਦ ਕਰ ਸਕਦੇ ਹਾਂ ਕਿ ਅਸਾਡੇ ਬਚੇ ਜਵਾਨ ਹੋ ਕੇ ਸੁਹਣੀ ਸੂਰਤ ਵਾਲੇ ਸਿੰਘ ਨਜ਼ਰ ਆਵਣਗੇ ? ਇਹ ਸਾਡੇ ਨਾਮ ਨੂੰ ਉਜਾਗਰ ਕਰਨਗੇ ? ਇਹ ਆਪਣੀ ਕੌਮ ਦਾ ਕੁਝ ਸਵਾਰਨਗੇ ?

ਯਾਦ ਰਖੋ, ਛੋਟੀਆਂ ਲਕੜਾਂ ਨੂੰ ਅੱਗ ਜਲਦੀ ਲਗਦੀ ਹੈ ਤੇ ਵਡੀਆਂ ਨੂੰ ਔਖੀ। ਇਸੇ ਤਰ੍ਹਾਂ ਛੋਟੀ ਉਮਰ ਵਿਚ ਬੱਚੇ ਨੇ ਜੋ ਗ੍ਰਹਿਣ ਕਰ ਲਿਆ ਉਹ ਮਾਨੋ ਉਸਦੇ ਅੰਦਰ ਵਸ ਗਿਆ, ਵਡਾ ਹੋਇਆ, ਫਿਰ ਉਸਦੇ ਖਿਆਲ ਬਦਲਨ ਤੋਂ ਅਸਮਰਥ ਹੋਵੋਗੇ ਤੇ ਆਪਣੇ ਆਪ ਨੂੰ ਦੁਖੀ ਤੇ ਬੇਬਸ ਪਾਵੋਗੇ।

ਬਾਬਾ ਫਰੀਦ ਜੀ ਜਦੋਂ ਛੋਟੀ ਅਵਸਥਾ (ਬਾਲਕ ਉਮਰ) ਦੇ ਸਨ ਤਾਂ ਉਹਨਾਂ ਨੂੰ ਮਿਠਾ ਖਾਣ ਦਾ ਬੜਾ ਸ਼ੌਕ ਸੀ, ਮਾਂ ਕੋਲੋਂ ਸ਼ਕਰ ਮੰਗਿਆ ਕਰਨ, ਮਾਂ ਰੋਜ਼ ਸੌਣ ਲਗਿਆਂ ਆਖਿਆ ਕਰੇ, ਖੁਦਾਵੰਦ ਕਰੀਮ ਪਾਸੋਂ ਆਪ ਮੰਗ, ਉਸ ਪਾਸੋਂ ਜੋ ਮੰਗੀਏ ਉਹ ਦੇਂਦਾ ਹੈ—ਸੋ ਫਰੀਦ ਜੀ ਨੇ ਏਸ ਤਰ੍ਹਾਂ ਮੰਗ ਮੰਗਦੇ ਸੌਂ ਜਾਇਆ ਕਰਨਾ ਮਾਂ ਨੇ ਸੁਤੇ ਹੋਏ ਦੇ ਸਿਰਹਾਣੇ ਥਲੇ ਕਾਗਜ਼ ਵਿਚ ਲਪੇਟ ਕੇ ਸ਼ਕਰ ਰਖ ਦੇਣੀ। ਸਵੇਰੇ ਫਰੀਦ ਨੇ ਜਦੋਂ ਮੰਗ ਕਰਨੀ ਤਾਂ ਮਾਤਾ ਨੇ ਕਹਿਣਾ, ਰਾਤ ਨੂੰ ਸੌਣ ਲਗੇ ਤੂੰ ਰਬ ਪਾਸੋਂ ਮੰਗ ਕੀਤੀ ਸੀ ਕਿ ਨਹੀਂ ? ਫਰੀਦ ਜੀ ਨੇ ਕਹਿਣਾ ਮੰਗੀ ਤਾਂ ਸੀ, ਤਾਂ ਮਾਂ ਨੇ ਪਿਆਰ ਨਾਲ ਕਹਿਣਾ ਪੁਤਰ, ਫਿਰ ਵੇਖ ਖੁਦਾਵੰਦ ਕਰੀਮ ਨੇ ਕਿਧਰੇ ਬਿਸਤਰੇ ਵਿਚ ਹੀ ਨਾ ਰਖ ਦਿਤੀ ਹੋਵੇ। ਇਸ ਤਰ੍ਹਾਂ ਫਰੀਦ ਨੇ ਬਿਸਤਰਾ ਫੋਲਣਾ ਤਾਂ ਸਰਹਾਣੇ ਹੇਠੋਂ ਸ਼ੱਕਰ ਨਿਕਲ ਆਉਣੀ। ਇਸ ਤਰ੍ਹਾਂ ਉਸ ਮਾਸੂਮ ਜ਼ਿੰਦ ਦੇ ਅੰਦਰ ਰੱਬ ਬਾਰੇ ਸ਼ਰਧਾ ਭਰਦੀ ਗਈ। ਇਸੇ ਤਰ੍ਹਾਂ ਉਸਦੀ ਨੇਕ ਮਾਂ, ਹਰ ਤਰੀਕੇ ਉਸ ਅੰਦਰ ਰੱਬ ਜੀ ਦਾ ਪਿਆਰ ਭਰਦੀ ਰਹੀ।

ਇਸ ਤਰ੍ਹਾਂ ਕਰਦਿਆਂ ਫਰੀਦ ਇਕ ਬਹੁਤ ਉਚੀ ਅਵਸਥਾ ਵਿਚ ਚਲਾ ਗਿਆਂ। ਪ੍ਰਤੱਖ ਹੈ ਕਿ ਹਾਜ਼ਰਾ ਹਜ਼ੂਰ, ਦਸੇ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਜਿਥੇ ਗੁਰੂਆਂ ਦੀ ਉਚਾਰੀ ਬਾਣੀ ਦਰਜ ਹੈ ਉਥੇ ਫਰੀਦ ਸਾਹਿਬ ਜੀ ਦੀ ਬਾਣੀ ਵੀ ਨਾਲ ਦਰਜ ਕੀਤੀ ਗਈ ਹੈ।

ਸੋ ਗੁਰੂ ਪਿਆਰਿਓ ਆਪਣਾ ਫਰਜ਼ ਸੰਭਾਲੋ ! ਦੁਨੀਆਂ ਵਿਚ ਕੇਵਲ ਪੈਸੇ ਕਮਾਣੇ ਹੀ ਫ਼ਰਜ਼ ਨਹੀਂ, ਬੱਚਿਆਂ ਦਾਂ ਸੁਧਾਰ ਕਰਨਾ ਵੀ ਇਕ ਵੱਡਾ ਫਰਜ਼ ਹੈ। ਬੱਚਿਆਂ ਦੀ ਹਰ ਹਰਕਤ ਵਲ ਪੂਰਾ ਧਿਆਨ ਦਿਓ ਤਾਂ ਕਿ ਉਹਨਾਂ ਅੰਦਰ ਗੁਰੂ ਪਿਆਰ ਤੇ ਸਿਖੀ ਸਿਦਕ ਭਰਿਆ ਜਾਵੇ ਨਹੀਂ ਤੇ ਯਾਦ ਰਖੋ ਜਿਸ ਤਰ੍ਹਾਂ ਹੋਰ ਮਾਪੇ ਅੱਜ ਆਪਣੇ ਜਵਾਨ ਬਚਿਆਂ ਦੇ ਹਥੋਂ ਤੰਗ ਹਨ ਇਸੇ ਤਰ੍ਹਾਂ ਵਕਤ ਖੁੰਜ ਜਾਣ ਤੇ ਕਿਧਰੇ ਅਸੀਂ ਵੀ ਪਛਤਾਂਦੇ ਹੀ ਨਾ ਰਹਿ ਜਾਈਏ ਤੇ ਸਿਵਾਏ ਅਥਰੂ ਕੇਰਨ ਦੇ ਤੇ ਹਉਕੇ ਭਰਨ ਦੇ ਹੋਰ ਕੁਝ ਨਾ ਰਹਿ ਜਾਵੇ। ਸਮੇਂ ਦੀ ਸੰਭਾਲ ਬੜੀ ਜ਼ਰੂਰੀ ਹੈ।

# ਰਿਸ਼ਤੇ

ਇਕ ਸਿੰਘ ਬੀ. ਏ. ਉਮਰ 30 ਸਾਲ, ਕਦ ਪੰਜ ਫੁਟ, ਅੱਠ ਇੰਚ; ਤਨਖਾਹ 550 ਰੁਪਏ ਕੰਮ ਸੀਨੀਅਰ ਸਟੈਨੋ ਸਰਕਾਰੀ ਕਾਰਪੋਰੇਸ਼ਨ, ਦਿਲੀ ਦੇ ਲਈ ਇਕ ਗੁਰਸਿਖ ਸਿੰਘਣੀ (ਖਾਸ ਕਰਕੇ ਲੇਕਰ ਟੀਚਰ) ਦੀ ਲੋੜ ਹੈ।

www.AKJ.Org

# ਗੁਰਬਾਣੀ ਪਾਠ ਨਿਰਨਯ

*ਵਲੋਂ ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ ।*

*(ਕਰਤਾ ਜਪੁ ਨਿਰਨਜ)*

ਸੋਹਿਲਾ ਰਾਗ ਗਉੜੀ ਦੀਪਕੀ ਮਹਲਾ ੧

ਸੋਹਿਲਾ ਇਸ ਬਾਣੀ ਦਾ ਨਾਂ ਹੈ । ਅਤੇ ਇਸ ਸਿਰਲੇਖ ਹੇਠਾਂ ਪੰਜ ਸ਼ਬਦ ਦਰਜ ਹਨ ਤਿੰਨ ਸ਼ਬਦ ਮਹਲੇ ਪਹਿਲੇ ਦੇ, ਇਕ ਮਹਲੇ ਚੋਥੇ ਦਾ, ਅਤੇ ਇਕ ਮਹਲੇ ਪੰਜਵੇਂ ਦਾ । ਗਉੜੀ ਨੌ ਪ੍ਰਕਾਰ ਦੀ ਹੈ । ਜਿਸ ਵਿਚ ਦੀਪਕੀ ਅਤੇ ਪੂਰਬੀ ਆਦਿ ਰਾਗ ਦੀਆਂ ਜ਼ਾਤਾਂ ਹਨ । ਗਉੜੀ ਰਾਗ ਅੰਦਰ "ਸੋਹਿਲਾ ਰਾਗ ਗਉੜੀ ਦੀਪਕੀ ਮਹਲਾ ੧" ਦੀ ਥਾਂ ਤੇ "ਗਉੜੀ ਪੂਰਬੀ ਦੀਪਕੀ ਮਹਲਾ ੧" ਦਰਜ ਹੈ ਅਤੇ "ਜੈ ਘਰਿ ਕੀਰਤਿ ਆਖੀਐ......, ਵਾਲੇ ਸ਼ਬਦ ਵਿਚ ਇਕ ਕੰਨੇ ਤੇ ਇਕ ਸਿਹਾਰੀ ਦਾ ਫਰਕ ਵੀ ਹੇਠ ਲਿਖੇ ਪਦਾਂ ਵਿਚ ਹੈ:—

| | |
|---|---|
| ਸਿਵਰਿਹੁ | ਸਿਵਰਹੁ |
| ਆਸੀਸੜੀਆਂ | ਆਸੀਸੜੀਆ |

ਪੰਜਾਬੀ ਕਹਾਵਤਾਂ ਵਿਚ ਸੋਹਿਲਾ ਸ਼ਬਦ ਦੇ ਅਰਥ ਹਨ :—ਅੰਨਦਮਈ ਗੀਤ, ਜੱਸ ਤੇ ਵਡਿਆਈ । ਇਹ ਬਾਣਾ ਗੁਰਸਿਖਾਂ ਦੇ ਨਿਤਨੇਮ ਨੂੰ ਸੰਪੂਰਨ ਕਰਦੀ ਹੈ ਅਤੇ ਇਸ ਦਾ ਪਾਠ ਰਾਤ ਨੂੰ ਸੌਣ ਸਮੇਂ ਕਰਨਾ ਵਿਧਾਨ ਹੈ ।

ਸਿਮਰਨ ਸਤਿਨਾਮ ਕੋ ਕਰੈ ।। ਸੁਪਤਨ ਸਮੈ ਸੋਹਿਲਾ ਰਹੈ ।
ਬਿਘਨ ਅਨੇਕਨ ਕੋ ਹੁਇ ਨਾਲ, ਸਦਾ ਥਰੈ ਸਤਿਗੁਰੂ ਕੀ ਆਸ
(ਗੁਰਪ੍ਰਤਾਪ ਸੂਰਜ)



www.AKJ.Org

ਇਸ ਬਾਣੀ ਦੇ ਤਿੰਨ ਨਾਂ ਪ੍ਰਚਲਤ ਹਨ :—"ਸੋਹਿਲਾ, ਕੀਰਤਨ ਸੋਹਿਲਾ ਅਤੇ ਆਰਤੀ ਸੋਹਿਲਾ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੱਤਕਰੇ ਅੰਦਰ ਇਸ ਬਾਣੀ ਦਾ ਨਾਉਂ "ਸੋਹਿਲਾ ਮਹਲਾ ੧" ਅੰਕਤ ਹੈ। ਜਿਵੇਂ ਸੋਦਰ ਬਾਣੀ ਨਾਲ 'ਰਹਿਰਾਸ' ਪਦ ਪਿਛੋਂ ਪ੍ਰਚਲਤ ਹੋਇਆ ਹੈ, ਤਿਵੇਂ ਉਪ੍ਰੋਕਤ ਦੋਵੇਂ ਨਾਉ ਇਸ ਬਾਣੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਸੰਪਾਦਨਾ ਤੋਂ ਮਗਰੋਂ ਹੋਂਦ ਵਿਚ ਆਏ ਜਾਪਦੇ ਹਨ।

ਇਸ ਬਾਣੀ ਦਾ 'ਸੋਹਿਲਾ' ਸਿਰਲੇਖ ਇਸ ਲਈ ਰੱਖਿਆ ਗਿਆ ਹੈ, ਕਿਉਂਕਿ ਇਸ ਦੇ ਅਰੰਭਕ ਸ਼ਬਦ ਵਿਚ ਦੋ ਵਾਰੀ 'ਸੋਹਿਲਾ' ਪਦ ਦੀ ਵਰਤੋਂ ਕੀਤੀ ਗਈ ਹੈ, ਜੋ ਕਿ ਕਰਤਾ ਪੁਰਖ ਦੀ ਵਡਿਆਈ ਦਾ ਸੂਚਕ ਹੈ। ਇਸ ਲਈ ਪ੍ਰਮਾਣੀਕ ਨਾਉ 'ਸੋਹਿਲਾ' ਹੈ ਜਿਵੇਂ :—

"ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ"
ਆਰਤੀ ਕੀਰਤਨ ਸਦਾ ਅਨੰਦ ॥ ਮਹਿਮਾ ਸੁੰਦਰੁ ਸਦਾ ਬੇਅੰਤ
ਪੰਨਾ ੩੯੩

ਪੁਰਾਤਨ ਮਰਯਾਦਾ ਅਨੁਸਾਰ ਗੁਰਦਵਾਰਿਆਂ ਵਿਚ ਸੋਦਰੁ ਦੇ ਪਾਠ ਮਗਰੋਂ ਸ਼ਬਦ ਕੀਰਤਨ ਹੁੰਦਾ ਸੀ ਅਤੇ ਹੁੰਦਾ ਹੈ। ਫਿਰ ਆਰਤੀ ਅਤੇ ਸੋਹਿਲੇ ਦਾ ਪਾਠ ਕੀਤਾ ਜਾਂਦਾ ਸੀ। ਸੰਗਤਾਂ ਜੋਟੀਆਂ ਵਾਲੇ ਸ਼ਬਦ ਪੜ੍ਹਦੀਆਂ ਸਨ ਅਤੇ ਖਾਸ ਕਰਕੇ ਸੋਹਿਲੇ ਪਾਠ ਦਾ ਅੰਤਲਾ ਸ਼ਬਦ ਰਲ-ਮਿਲ ਕੇ ਮਾਨੋ ਕੀਰਤਨ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਸੀ।

ਸੰਧਿਆ ਨੂੰ ਰਹਿਰਾਸ ਪੜ੍ਹੀਏ ਫੇਰ ਕੀਰਤਨ ਗਾਵੀਏ,
ਪਹਿਰ ਗਈ ਰਾਤ ਸੋਹਿਲਾ ਪੜ੍ਹੀਏ

(ਗਿਆਨ ਰਤਨਾਗਰੀ)

ਕਿਉਂਕਿ ਸੋਹਿਲੇ ਦੇ ਪਾਠ ਤੋਂ ਪਹਿਲਾਂ ਕੀਰਤਨ ਹੁੰਦਾ ਸੀ। ਇਸ ਲਈ ਇਸ ਬਾਣੀ ਦੇ ਨਾਮ ਨਾਲ 'ਕੀਰਤਨ' ਪਦ ਪਹਿਲਾਂ ਲਾ ਕੇ 'ਕੀਰਤਨ ਸੋਹਿਲਾ' ਨਾਉਂ ਪ੍ਰਸਿਧ ਹੋਇਆ ਜਾਪਦਾ ਹੈ।"

www.AKJ.Org

"ਰਾਤੀ ਕੀਰਤ ਸੋਹਿਲਾ, ਕਰ ਆਰਤੀ ਪ੍ਰਸਾਦ ਵੰਡਦੇ"

ਜਿਥੋਂ ਤੀਕ 'ਆਰਤੀ ਸੋਹਿਲਾ' ਨਾਉਂ ਹੈ। ਉਸ ਦਾ ਕਾਰਨ ਇਸ ਬਾਣੀ ਅੰਦਰ ਆਇਆ ਆਰਤੀ ਵਾਲਾ ਸ਼ਬਦ ਹੈ :—

"ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ"

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਸ਼ਬਦ ਦੀ ਵਰਤੋਂ ਹੇਠ ਲਿਖੀਆਂ ਪੰਕਤੀਆਂ ਅੰਦਰ ਕੀਤੀ ਹੈ :—

ਰਾਤੀ ਆਰਤੀ ਸੋਹਿਲਾ, ਮਾਇਆ ਵਿਚ ਉਦਾਸ ਰਹਾਇਆ।
(ਵ: ਭਾ. ਗੁ: ੨੬-੧੪)

ਭਾਈ ਗੁਰਦਾਸ ਜੀ ਤੋਂ ਪਿਛੋਂ ਇਸ ਪਾਠ ਦਾ ਨਿਤਨੇਮ ਕਰਨ ਬਾਰੇ ਸਾਨੂੰ ਅਠਵੇਂ ਗੁਰੂ ਸ੍ਰੀ ਗੁਰੂ ਹਰਿ ਕ੍ਰਿਸਨ ਸਾਹਿਬ ਜੀ ਦਾ ਪਵਿਤਰ ਹੁਕਮਨਾਮਾ ਲਿਖਤੀ ਰੂਪ ਵਿਚ ਮਿਲਦਾ ਹੈ। ਜਿਹੜਾ ਕਿ ਇਸ ਵੇਲੇ ਸਿਖ ਰੈਫਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਵਿਚ ਸੁਰਖਿਅਤ ਹੈ।

ਜਿਸ ਹੁਕਮ-ਨਾਮੇ ਦੇ ਅੱਖਰ ਇਉਂ ਹਨ :—

"ਅਠਵੇਂ ਗੁਰੂ ਹਰਿ ਕ੍ਰਿਸ਼ਨ ਦੀ ਆਗਿਆ।
ਸੰਗਤਿ ਪਟਣ (ਫਰੀਦ ਕੇ) ਦੀ ਜੋਗ ॥

"............ਧਰਮਸਾਲ ਆਂਵਦੇ ਰਹਿਣਾ, ਆਰਤੀ ਸੋਹਿਲਾ ਕਰਣਾ ਸ੍ਰੀ ਗੁਰੂ ਜੀਓ ਦੀ ਖਰੀ ਖੁਸ਼ੀ ਹੈ। ਗੁਰੂ ਸੰਗਤ ਦੀ ਬਾਹੁੜੀ ਕਰੈਗਾ। ਤੁਸਾਂ ਉਪਰ ਖੁਸ਼ੀ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ (ਸੁਖਾਸਨ) ਕਰਨ ਸਮੇਂ ਇਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਇਹੋ ਮਰਯਾਦਾ ਚਲੀ ਆ ਰਹੀ ਹੈ। ਕਈ. ਪ੍ਰੇਮੀ ਦਿਨ ਵੇਲੇ ਵੀ ਪਾਵਨ ਬੀੜ ਦਾ ਸੁਖਾਸਨ ਕਰਨ ਸਮੇਂ ਇਸ ਬਾਣੀ ਦਾ ਪਾਠ ਕਰਦੇ ਹਨ, ਜੋ ਠੀਕ ਨਹੀਂ। ਇਸ ਬਾਣੀ ਦਾ ਪਾਠ ਦਿਨ ਵੇਲੇ ਕਰਨ ਦੀ ਕੋਈ ਮਰਯਾਦਾ ਨਹੀਂ, ਇਸ ਵਿਚ ਇਕ ਆਜੜੀ ਵਾਲੀ ਸਾਖੀ ਜਿਸ ਦਾ ਵਿਸਥਾਰ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਹੈ।'

www.AKJ.Org

ਸੰਭਵ ਹੈ ਪਾਠਕ ਉਸ ਤੋਂ ਜਾਣੂ ਹੀ ਹੋਣਗੇ । ਗੁਰਬਾਣੀ ਦਾ ਪਾਠ ਹਰ ਵੇਲੇ ਕੀਤਾ ਜਾ ਸਕਦਾ ਹੈ । ਪਰ ਜਿਹੜੀਆਂ ਬਾਣੀਆਂ ਨਿਤਨੇਮ ਵਿਚ ਸ਼ਾਮਲ ਹਨ ਉਹਨਾਂ ਨੂੰ ਨੀਯਤ ਸਮੇਂ ਅਨੁਸਾਰ ਪੜ੍ਹਨਾ ਹੀ ਯੋਗ ਹੈ । ਇਸ ਬਾਣੀ ਦਾ ਪਾਠ ਮ੍ਰਿਤਕ ਦੇ ਦਾਹ ਕਰਨ ਪਿਛੋਂ ਕਰਨਾ ਗੁਰਮਤਿ ਅਨਕੂਲ ਹੈ ।

੧੯੪੭ ਦੇ ਬਟਵਾਰੇ ਤੋਂ ਪਹਿਲਾਂ ਇਸ ਬਾਣੀ ਦਾ ਪਾਠ ਪ੍ਰਾਣੀ ਦੇ ਮੜ੍ਹੇ ਦਾ ਸੰਸਕਾਰ ਹੋਣ ਮਗਰੋਂ ਸ਼ਮਸ਼ਾਨ ਭੂਮੀ ਅੰਦਰ ਕੀਤਾ ਜਾਂਦਾ ਸੀ ਫਿਰ ਗੁਰਦੁਆਰਾ ਸਾਹਿਬ ਵਿਚ ਜਿਥੇ ਪ੍ਰਾਣੀ ਦੇ ਨਮਿਤ ਕੜਾਹ ਪ੍ਰਸ਼ਾਦ ਦੀ ਦੇਗ ਸਜਾਈ ਜਾਂਦੀ ਸੀ ਉਥੇ ਵੀ ਪਹਿਲਾਂ 'ਸੋਹਿਲੇ' ਦਾ ਪਾਠ ਫਿਰ ਛੇ ਪਉੜੀਆਂ ਅਨੰਦ ਸਾਹਿਬ ਦੀਆਂ ਪੜ੍ਹ ਕੇ ਅਰਦਾਸਾ ਕੀਤਾ ਜਾਂਦਾ ਸੀ । ਪਰ ਅਜ ਕਲ ਕੇਵਲ ਸ਼ਮਸ਼ਾਨ ਭੂਮੀ ਤੇ ਇਸ ਬਾਣੀ ਦਾ ਪਾਠ ਹੁੰਦਾ ਹੈ । ਗੁਰਦਵਾਰਿਆਂ ਵਿਚ ਇਹ ਮਰਯਾਦਾ ਅਲੋਪ ਹੋ ਗਈ ਹੈ । ਇਸ ਮਰਯਾਦਾ ਦਾ ਮੁੱਢ ਗੁਰੂ ਨਾਨਕ ਦੇਵ ਜੀ ਨੇ ਆਪ ਬੱਧਾ ਸੀ । ਪੁਰਾਤਨ ਜਨਮ ਸਾਖੀ ਵਿਚ ਆਪ ਜੀ ਦੇ ਜੋਤੀ ਜੋਤ ਸਮਾਉਣ ਵਾਲੀ ਸਾਖੀ ਉਪਰੋਕਤ ਮਰਯਾਦਾ ਦੀ ਪੁਸ਼ਟੀ ਕਰਦੀ ਹੈ :—

ਤਬ ਬਾਬੇ ਸੰਗਤ ਨੂੰ ਹੁਕਮ ਕੀਤਾ, ਕੀਰਤਨ ਪੜਹੁ । ਤਬ ਸੰਗਤ ਲਗੀ ਕੀਰਤਨੁ ਪੜਣਿ :

ਰਾਗ ਗਉੜੀ ਪੂਰਬੀ ਮਹਲਾ ੧ ਸੋਹਲਾ ਰਾਗ ਗਉੜੀ ਦੀਪਕੀ ਮਹਲਾ ੧

"ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥"

ਗੁਰਦੇਵ ਜੀ ਨੇ ਇਸ ਬਾਣੀ ਵਿਚ ਕੁਛ ਚੋਣਵੇਂ ਰੂਪਕ ਅਲੰਕਾਰ ਵਰਤੇ ਹਨ । ਜਿਨ੍ਹਾਂ ਨਾਲ ਇਸ ਬਾਣੀ ਦੇ ਭਾਵਾਂ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ ਅਤੇ "ਚਲਣ ਜਾਣ ਜੁਗਤ ਮਹਿਮਾਣਾ" ਵਾਲਾ ਨਕਸ਼ਾ ਅੱਖਾਂ ਅਗੇ ਆ ਜਾਂਦਾ ਹੈ ।

ਰੂਪਕ ਅਲੰਕਾਰ :—

੧. ਸੰਬਤਿ ਸਾਹਾ ਲਿਖਿਆ, ਮਿਲਿ ਕਰਿ ਪਾਵਹੁ ਤੇਲ ।

੨. ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ।

੩. ਸੂਰਜ ਏਕੋ, ਰੁਤਿ ਅਨੇਕ ।
ਨਾਨਕ ਕਰਤੇ ਕੇ ਕੇਤੇ ਵੇਸ ।

www.AKJ.Org

ਰੱਬੀ ਆਰਤੀ ਨੂੰ :—

"ਗਗਨ ਮੈਂ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ" ਵਾਲੇ ਸ਼ਬਦ ਅੰਦਰ ਅਜਿਹੇ ਕੁਦਰਤੀ ਅਲੰਕਾਰਾਂ ਨਾਲ ਰੂਪਮਾਨ ਕੀਤਾ ਹੈ, ਕਿ ਮਨੁਖੀ ਸੁਰਤ ਆਕਾਸ਼ੀ ਮੰਡਲਾਂ ਤੇ ਜਾ ਟਿਕਦੀ ਹੈ ਅਤੇ ਉਸਨੂੰ ਸਰਬ-ਵਿਆਪਕਤਾ ਵਾਲੀ ਜੋਤਿ ਜਿਹੜੀ ਹਰ ਥਾਂ ਆਪਣਾ ਪ੍ਰਕਾਸ਼ ਕਰ ਰਹੀ ਹੈ, ਵਿਚ ਲੀਨਤਾ ਹੋ ਜਾਂਦੀ ਹੈ। ਉਥੋਂ ਨਿਰਮਾਣਤਾ-ਭਰਪੂਰ ਸਿਖਿਆ ਮਿਲਦੀ ਹੈ :-

"ਕਰਿ ਸਾਧੂ ਅੰਜੁਲੀ, ਪੁੰਨੁ ਵੱਡਾ ਹੇ,
ਕਰਿ ਡੰਡਉਤ, ਪੁੰਨੁ ਵਡਾ ਹੇ।"

ਫਿਰ ਜਿਵੇਂ ਜਿਵੇਂ ਹਿਰਦੇ ਅੰਦਰ ਗਰੀਬੀ ਆਉਂਦੀ ਹੈ, ਆਰਤੀ ਰੂਪ ਵਿਚ ਜੀਵ ਪ੍ਰਭੂ ਅਗੇ ਇਉਂ ਜੋਦੜੀ ਕਰਦਾ ਹੈ ਜਿਵੇਂ ਸਤਿਗੁਰੂ ਜੀ ਜਾਚ ਸਿਖਾਉਂਦੇ ਹਨ :—

"ਹਮ ਗਰੀਬ ਮਸਕੀਨ ਪ੍ਰਭ ਤੇਰੇ
ਹਰਿ ਰਾਖੁ ਰਾਖੁ ਵਡ ਵਡਾ ਹੇ।"

ਫਿਰ ਗੁਰਦੇਵ ਜੀ ਜਦੋਂ ਮਨੁਖੀ ਮਨ ਨੂੰ ਹਲੂਣਾ ਦੇਂਦੇ ਹਨ ਤਾਂ ਇਹ ਗੁਰਦੇਵ ਜੀ ਦੇ ਪਵਿਤ੍ਰ ਵਾਕ ਸੁਣਦਾ ਹੈ :—

"ਜਾ ਕਉ ਆਇ ਸੋਈ ਬਿਹਾਝਹੁ,
ਹਰਿ ਗੁਰ ਤੇ ਮਨਹਿ ਬਸੇਰਾ
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਾਹੁਰਿ ਨ ਹੋਇਗੋ ਫੇਰਾ।

ਜਦੋਂ ਗੁਰਦੇਵ ਜੀ ਦਾ ਪਵਿਤਰ ਉਪਦੇਸ਼ ਸੁਣਦਾ ਹੈ, ਤਾਂ ਇਸ ਜੀਵ ਦੇ ਮਨ ਅੰਦਰ ਉਤਮ ਭਾਵਨਾ ਪੈਦਾ ਹੁੰਦੀ ਹੈ ?

"ਅੰਤਰ-ਜਾਮੀ ਪੁਰਖ ਬਿਧਾਤੇ" ਪਾਸੋਂ ਬੇਨਤੀ ਰੂਪ ਵਿਚ ਅੰਤਮ ਮੰਗ ਕਰਦਾ ਹੈ :—

"ਅੰਤਰ-ਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ ॥

www.AKJ.Org

ਨਾਨਕ ਦਾਸ ਇਹੈ ਸੁਖ ਮਾਗੈ,
ਮੋਕਉ ਕਰਿ ਸੰਤਨ ਕੀ ਧੂਰੇ ॥

ਨੋਟ :—ਰਾਤ ਨੂੰ ਬਿਸਤਰੇ ਤੇ ਬਿਰਾਜਣ ਸਮੇਂ (ਭਾਵ ਪਹਿਰ ਰਾਤ ਮੱਠੀ-ਸਮੇਂ) ਸੋਹਿਲਾ ਬਾਣੀ ਦਾ ਪਾਠ ਕਰਨ ਤੋਂ ਮਗਰੋਂ ਖੜੇ ਹੋ ਕੇ ਅਰਦਾਸ ਕਰਨ ਦੀ ਮਰਯਾਦਾ ਵਰਤੋਂ ਵਿਚ ਨਹੀਂ ਆਈ, ਅਤੇ ਉਸ ਸਮੇਂ ਅਨੁਸਾਰ ਠੀਕ ਜਾਪਦੀ ਹੈ। ਇਸ ਲਈ ਨਿਤਨੇਮ ਦੀ ਅੰਤਮ ਸਪੂਰਨਤਾ ਦੀ ਅਰਦਾਸ ਬੈਠੇ ਹੋਏ ਹੀ ਜੁੜੀ ਹੋਈ ਸੁਰਤਿ ਨਾਲ ਕਰਨੀ ਯੋਗ ਹੈ। ਅਰਦਾਸ ਤੋਂ ਉਪ੍ਰੰਤ ਵਾਹਿਗੁਰੂ ਵਾਹਿਗੁਰੂ ਜਪਦੇ ਸਰੀਰਕ ਇੰਦ੍ਰਿਆਂ ਨੂੰ ਢਿਲਾ ਛਡ ਦੇਣਾ ਚਾਹੀਦਾ ਹੈ, ਵਿਹਲੀਆਂ ਗੱਲਾਂ ਨਹੀਂ ਮਾਰਨੀਆਂ ਚਾਹੀਦੀਆਂ ਜਿਸ ਨਾਲ ਅੰਮ੍ਰਿਤ ਵੇਲੇ ਉਠਣ ਦੇ ਉਦਮ ਵਿਚ ਭੰਗ ਪਵੇ। ਇਸ ਲਈ ਸੌਣ ਤੇ ਜਾਗਣ ਸਮੇਂ ਹੇਠ ਲਿਖੇ ਸ਼ਬਦ ਦਾ ਅਭਿਆਸ ਕਰਨਾ ਗੁਣ-ਕਾਰੀ ਹੈ :—

ਭੈਰਉ ਮਹਲਾ ੫

ਊਠਤ ਸੁਖੀਆ ਬੈਠਤ ਸੁਖੀਆ ॥
ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥੧॥
ਰਾਖਾ ਏਕੁ ਹਮਾਰਾ ਸੁਆਮੀ
ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥
ਸੋਇ ਅਚਿੰਤਾ ਜਾਗਿ ਅਚਿੰਤਾ ॥
ਜਹਾਂ ਕਹਾਂ ਪ੍ਰਭੁ ਤੂੰ ਵਰਤੰਤਾ ॥੨॥
ਘਰਿ ਸੁਖਿ ਵਸਿਆ ਬਾਹਰਿ ਸੁਖ ਪਾਇਆ ॥
ਕਹੁ ਨਾਨਕ ਗੁਰਿ ਮੰਤ੍ਰ ਦ੍ਰਿੜਾਇਆ ॥ ੩ ॥

## ਚੰਦੇ

ਜਿਨ੍ਹਾਂ ਸਜਣਾਂ ਦੇ ਚੰਦੇ ਮੁਕ ਚੁਕੇ ਹਨ, ਉਹ ਕਿਰਪਾ ਕਰਕੇ ਛੇਤੀ ਹੀ ਚੰਦੇ ਭੇਜ ਦੇਣ। ਹੁਣ ਸਾਲਾਨਾ ਚੰਦਾ ਅੱਠ ਰੁਪਏ ਹੋ ਗਿਆ ਹੈ।

ਮੈਨੇਜਰ ਸੂਰਾ,
305- L, ਮਾਡਲ ਟਾਊਨ,
ਜਲੰਧਰ ਸ਼ਹਿਰ।

www.AKJ.Org

# ਦਸਮੇਸ਼ ਦਿੱਬ ਦਰਸ਼ਨ

*ਗੁਰਪੂਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

ਕਬਿੱਤ—

ਦਰਸ਼ਨ ਦੇਖਤ ਹੀ ਦੰਗ ਮਸਤੰਗ ਭਈ,
ਸੁਧਿ ਬੁਧਿ ਹੋਸ਼ ਗਈ ਅੱਖੀਆਂ ਚਕਤ ਹੈਂ।
ਚਕਤ ਭਈ ਹੈਂ ਚਖ ਪਲਕ ਨਾ ਝਮਕਤ,
ਇਕ ਟੱਕ, ਲਗਤ ਟਟਾਰੇ ਨਾ ਥਕਤ ਹੈਂ।
ਥਕਤ ਨਾ ਤਕਤ ਚਕੋਰ ਵਤ ਚੰਦ ਮੁਖੁ,
ਹੋਇ ਮਖਮੂਰ ਅਮੀ ਦਰਸ ਛਕਤ ਹੈਂ।
ਛਕਤ ਛਕਤ ਅਮੀ ਦਰਸ ਪਿਰਮ ਰਸ,
ਮਗਨ ਗਗਨ ਗੈਨ ਗਮਤ ਗੁਮਤ ਹੈਂ ।੧।
ਗੁੰਮ ਹੋਇ ਗਈ ਗੁਰੂ ਹੇਰਤ ਸੁਰਤਿ ਮਮ,
ਮੁਰਤ ਨ ਦਮ ਦ੍ਵਾਰ ਦਸਮ ਰਸਮ ਹੈ।
ਮੂਰਛਤ ਗਾਤ ਭਈ ਬੀਜੁਲਿ ਦੀਦਾਰ ਪੇਖਿ,
ਬੀਜਲੀ ਸੀ ਤਾਰ ਨਾਰ ਨਾਰ ਮੇ ਫਿਰਤ ਹੈ।
ਨਾਰ ਬੀਜ ਤਾਰਿ ਮੋਰ ਬਾਰ ਬਾਰ ਠਾਰ ਦੀਨੇ,
ਅੰਗ ਅੰਗ ਮਾਰ ਦਮਕਾਰ ਦਮਕਤ ਹੈ।
ਦਾਮਨੀ ਚਮਤਕਾਰ ਰੋਮਿ ਰੋਮਿ ਰੱਸ ਧਾਰ,
ਜੋਤਿ ਕਿਨਮਿਨਕਾਰ ਅੱਤਿ ਅਧਿਭੁਤ ਹੈ ।੨।
ਅਧਿਭੁਤ ਗਤਿ ਦਰਸਨ ਛੱਬਿ ਗੁਰ ਕੇਰੀ,
ਨਾਭ ਨਭ ਮਾਹਿ ਦਿੱਬ ਰੂਪ ਦਰਸਾਏ ਹੈਂ।
ਦਰਸ਼ਨ ਝਾਲ ਝੱਲ ਸਕਤ ਨਾ ਦੋਇ ਨੈਨ,
ਚੰਭਤ ਚੁੰਧਤ ਹੋਇ ਮਿਚ ਜਾਏ ਹੈਂ।



www.AKJ.Org

ਨੈਨਨ ਮਿਚਤ ਭਇਓ ਕਉਤਕ ਅਨੂਪ ਪਿਖਿ,
ਇਕ ਰੋਮ ਮਾਹਿ ਕੋਟ ਨੈਨ ਦਿਬਤਾਏ ਹੈਂ।
ਨੈਨਨ ਅਨੇਕ ਦਿੱਬ ਦਰਸਨੀ ਤਾਰ ਏਕ,
ਇਕ ਦ੍ਰਿਸ਼ ਮਾਹਿ ਦਹਿ ਦ੍ਰਿਸ਼ ਦਰਸਾਏ ਹੈਂ ।੩।
ਘਟ ਮਾਹਿੰ ਪਟ ਮਾਹਿੰ ਦਰਸਨ ਦੀਪ ਦਿਪੈ,
ਐਸੀ ਆਭਾ ਬਨੀ ਰਸ ਦਰਸ ਬਹਾਰ ਦੀ।
ਦਰਸ ਬੂੰਦਾਰ ਦੀ ਫੁਹਾਰ ਪਵੇ ਦੀਦਿਆਂ ਚਿ.
ਲਗ ਰਹੀ ਝੜੀ ਦਿੱਬ ਦੀਪਨੀ ਦੀਦਾਰ ਦੀ।
ਦੀਦਿਆਂ ਚਿ ਦੀਪ ਅਕੈ ਦੀਪ ਮਾਹਿੰ ਨੈਨ ਜੜੇ,
ਕੌਨ ਕਥੇ ਸੋਭਾ ਦਿਸ ਬਿਸਮ ਨਿਗਾਰ ਦੀ।
ਬਿਸਮ ਨਿਗਾਰ ਗੁਰ ਦਸਮ ਦਿਦਾਰ ਦਿੱਬ,
ਬਿਸਮ ਹੈ ਤਾਰ ਲਿਵ ਸਰਮ ਅਪਾਰ ਦੀ ।੪।

(ਪੋਹ ਸੁਦੀ ਸਪਤਮੀ—੧ ਜਨਵਰੀ ੧੯੩੬)

---

## ਜ਼ਰੂਰੀ ਸੂਚਨਾ

ਸੂਰਾ ਪ੍ਰਬੰਧਕ ਬੋਰਡ ਨੇ ਫੈਸਲਾ ਕੀਤਾ ਹੈ ਕਿ ਕਿ ਅਗੇ ਤੋਂ ਸੂਰਾ ਮਾਹਵਾਰ ਪ੍ਰਕਾਸ਼ਤ ਹੋਇਆ ਕਰੇਗਾ। ਸਾਲਾਨਾ ਚੰਦਾ ਅਗੇ ਤੋਂ ਅੱਠ ਰੁਪਏ ਕੀਤਾ ਗਿਆ ਹੈ। ਜਿਨ੍ਹਾਂ ਸਜਣਾਂ ਦੇ ਚੰਦੇ ਬਾਰਾਂ ਰੁਪਿਆਂ ਦੇ ਹਿਸਾਬ ਨਾਲ ਆਏ ਹੋਣ। ਉਨ੍ਹਾਂ ਨੂੰ ਪਰਚੇ ਡੇਢ ਸਾਲ ਲਈ ਭੇਜੇ ਜਾਣਗੇ।

www.AKJ.Org

# ਸਿੰਘ ਸਜੋ

*ਭਾਈ ਗੁਰਚਰਨ ਸਿੰਘ ਐਮ. ਏ. (ਪੰਜਬੀ, ਧਰਮ)*

ਖਾਲਸਾ ਪੰਥ ਅੰਦਰ ਇਹ ਮੰਨੀ ਪ੍ਰਮੰਨੀ ਰਾਏ ਹੈ ਕਿ ਹਰ ਗੁਰੂ ਪਿਆਰਾ ਖੰਡੇ ਦਾ ਅਮ੍ਰਿਤ ਪਾਨ ਕਰੇ; ਗੁਰੂ ਦਸੀਆਂ ਰਹਿਤਾਂ ਰਖੇ ਅਤੇ ਕੁਰਹਿਤਾਂ ਤੋ ਬਚੇ। ਭਾਵੇਂ ਛੇਵੇਂ ਪਾਤਸ਼ਾਹ ਵੇਲੇ ਵੀ ਸ਼ਸਤ੍ਰਧਾਰੀ ਸਿੰਘ ਬੇਅੰਤ ਸਨ, ਪਰ ਇਹ ਰਹਿਤ ਬਹਿਤ ਹਰ ਤਿਆਰ-ਬਰ- ਸਿੰਘ ਲਈ ਉਦੋਂ ਤੋਂ ਜਰੂਰੀ ਸਮਝੀ ਜਾਂਦੀ ਹੈ, ਜਦੋਂ ੧੩ ਅਪ੍ਰੈਲ ੧੬੯੯ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ ਛੱਕਾ ਕੇ ਖਾਲਸਾ ਪੰਥ ਸਾਜਿਆ।

ਸਾਧਾਰਨ ਸਮਾਜਕ ਜੀਵਨ ਵਿਚ ਵਿਚਰਦਿਆਂ ਇਹ ਗਲ ਆਮ ਵੇਖਣ ਵਿਚ ਆਉਂਦੀ ਹੈ ਕਿ ਬਹੁਤੇ ਸਿੱਖ ਰਹਿਤ ਬਹਿਤ ਨਹੀਂ ਰਖਦੇ। ਪਰ ਕਈਆਂ ਨੇ ਅੰਮ੍ਰਿਤ ਛਕਿਆ ਹੁੰਦਾ ਹੈ, ਪਰ ਉਹ ਰਹਿਤ-ਬਹਿਤ ਵਲੋਂ ਊਣੇ ਹੀ ਹੁੰਦੇ ਹਨ। ਵਿਚਾਰ ਵਟਾਂਦਰਾ ਕਰਦਿਆਂ ਜੇ ਅਜਿਹੇ ਰਹਿਤ-ਹੀਣ ਸਿੱਖਾਂ ਨੂੰ ਪੁਛੋ ਕਿ ਤੁਸੀਂ ਅੰਮ੍ਰਿਤ ਛਕ ਕੇ ਗੁਰੂ ਦ੍ਰਿੜਾਈ ਰਹਿਤ ਬਹਿਤ ਕਿਉਂ ਨਹੀਂ ਰਖਦੇ ਤਾਂ ਬਹੁਤਿਆਂ ਵਲੋਂ ਏਹੀ ਜੁਆਬ ਮਿਲਦਾ ਹੈ ਕਿ ਅਸੀਂ ਗੁਰੂ ਨਾਨਕ ਦੇ ਸਿੱਖ ਹਾਂ। ਗੁਰਬਾਣੀ ਪੜ੍ਹਨਾ ਜਾਂ ਗੁਰੂ ਘਰ ਨਾਲ ਪ੍ਰੇਮ ਰਖਣਾ ਹੀ ਅਸਲ ਸਿਖੀ ਹੈ, ਅੰਮ੍ਰਿਤ ਛੱਕ ਕੇ ਰਹਿਤ-ਬਹਿਤ ਨਾਲ ਬਹੁਤੀ ਸਿੱਖੀ ਅੰਦਰ ਨਹੀਂ ਵੜ ਜਾਂਦੀ।

ਅਜਿਹੇ ਰਹਿਤ-ਹੀਣੇ ਸਿੱਖਾਂ ਦੇ ਜੁਆਬ ਸੁਣ ਕੇ ਨੌਜਵਾਨ ਤਬਕਾ ਇਹ ਕਹਿੰਦਾ ਆਮ ਸੁਣਿਆਂ ਜਾ ਰਿਹਾ ਹੈ ਕਿ ਨਿਰੀ ਕੇਸਾਂ-ਦਾੜੀ ਵਿਚ ਸਿਖੀ ਨਹੀਂ, ਸਿਖੀ ਸਪਿਰਟ ਹੋਣੀ ਚਾਹੀਦੀ ਹੈ। ਮਨ ਸਾਫ ਚਾਹੀਦਾ ਹੈ, ਰਹਿਤ-ਬਹਿਤ ਨਿਰਾ ਦਿਖਾਵਾ ਹੈ।

ਪਰ ਅਜਿਹੇ ਵੀਰਾਂ ਨੇ ਕਦੇ ਸੋਚਿਆ ਹੀ ਨਹੀਂ ਕਿ ਜਿਸ ਨਿਰਮਲ ਪੰਥ



www.AKJ.Org

ਨੂੰ ਗੁਰੂ ਨਾਨਕ ਦੇਵ ਜੀ ਨੇ ਆਰੰਭਿਆ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨਤਾ ਬਖਸ਼ੀ । ਤਾਂ ਹੀ ਸਚੇ ਪਾਤਸ਼ਾਹ ਨੇ ਮਾਣ ਨਾਲ ਕਿਹਾ ਕਿ ਤਿਆਰ-ਬਰ-ਤਿਆਰ ਖਾਲਸਾ ਮੇਰਾ ਖਾਸ ਰੂਪ ਹੈ ।

ਸਾਧਾਰਨ ਜੀਵਨ ਵਿਚੋਂ ਇਕ ਉਦਾਹਰਣ ਲੈਣੀ ਠੀਕ ਹੋਵੇਗੀ ਕਿ ਸਾਨੂੰ ਅੰਮ੍ਰਿਤ ਪੀਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਬਣਨਾ ਕਿਉਂ ਜ਼ਰੂਰੀ ਹੈ । ਫਰਜ਼ ਕਰ ਲਓ ਕਿ ਇਕ ਵਿਦਿਆਰਥੀ ਦਸਵੀਂ ਪਾਸ ਕਰਨੀ ਚਾਹੁੰਦਾ ਹੈ । ਦਸਵੀਂ ਜਮਾਤ ਦਾ ਸਰਟੀਫੀਕੇਟ ਪ੍ਰਾਪਤ ਕਰਨ ਲਈ ਉਸ ਨੂੰ ਹਰ ਜਮਾਤ ਦੀਆਂ ਕਿਤਾਬਾਂ ਵਿਚੋਂ ਲੰਘਣਾ ਪਵੇਗਾ । ਪਹਿਲੀ ਤੋਂ ਦਸਵੀਂ ਜਮਾਤ ਤਕ ਹਰ ਅਧਿਆਪਕ ਕੋਲੋਂ ਵਿਦਿਆ ਪ੍ਰਾਪਤ ਕਰਕੇ ਉਸਦੇ ਦਸੇ ਹੋਏ ਤਰੀਕਿਆਂ ਉਤੇ ਅਮਲ ਕਰਕੇ ਹੀ ਉਹ ਦਸਵੀਂ ਜਮਾਤ ਦੀ ਪ੍ਰੀਖਿਆ ਪਾਸ ਕਰ ਸਕਦਾ ਹੈ। ਜੇ ਕੋਈ ਵਿਦਿਆਰਥੀ ਕਹੇ ਕਿ ਮੈਂ ਇਕੋ ਸਾਲ ਵਿਚ ਦਸ ਜਮਾਤਾਂ ਪਾਸ ਕਰਨੀਆਂ ਹਨ ਜਾਂ ਉਸੇ ਤਰੀਕੇ ਨਾਲ ਕਿਤਾਬਾਂ ਪੜ੍ਹਨੀਆਂ ਹਨ, ਸਵਾਲ ਕਢਣੇ ਹਨ, ਜਿਸ ਤਰੀਕੇ ਨਾਲ ਪਹਿਲੀ ਜਾਂ ਦੂਜੀ ਜਮਾਤ ਦਾ ਅਧਿਆਪਕ ਕਢਾਉਂਦਾ ਸੀ ਤਾਂ ਉਹ ਦਸਵੀਂ ਜਮਾਤ ਪਾਸ ਹੋਣ ਦਾ ਸਰਟੀਫੀਕੇਟ ਪ੍ਰਾਪਤ ਨਹੀਂ ਕਰ ਸਕਦਾ ।

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਜਸਾਤ ਵਿਚ ਪੜ੍ਹਨ ਵਾਲੇ ਸਿਖ ਨੂੰ ਉਹੋ ਸਬਕ ਦਿਤਾ ਜੋ ਉਹ ਸਿਖ ਸਕਦਾ ਸੀ । ਭਾਵੇਂ ਨਿਸ਼ਾਨਾਂ ਬਾਣੀ ਰਾਹੀਂ ਦਸ ਦਿਤਾ ਕਿ ਤੇਰਾ ਆਦਰਸ਼ ਦਸਵੀਂ ਪਉੜੀ ਚੜ੍ਹਨਾ ਹੈ । ਪਰ ਪਹਿਲੀ ਸਟੇਜ ਉਤੇ ਉਹੋ ਰਹਿਤ ਜਾਂ ਸੰਜਮ ਧਾਰਨ ਦਾ ਉਪਦੇਸ਼ ਦਿਤਾ ਜਿਸ ਦੇ ਉਹ ਯੋਗ ਸੀ । ਨੌਂ ਗੁਰੂ ਸਾਹਿਬਾਨ ਨੇ ਸਿਖ ਦੀ ਅਵਸਥਾ ਅਨੁਸਾਰ ਉਹੋ ਕੁਝ ਪੜ੍ਹਾਇਆ ਜੋ ਉਹ ਪੜ੍ਹ ਜਾਂ ਸਿਖ ਸਕਦਾ ਸੀ । ਦਸਵੀਂ ਅਵਸਥਾ ਵਿਚ ਇਹ ਜਾਣ ਕੇ ਕਿ ਮੇਰਾ ਸਿਖ ਨੌਂ ਜਮਾਤਾਂ ਪਾਸ ਕਰ ਗਿਆ ਹੈ ਅਤੇ ਦਸਵੀਂ ਅਵਸਥਾ ਵਿਚ ਸੰਪੂਰਨ ਹੋਣ ਲਈ ਸਿਰ ਦੇਣ ਲਈ ਵੀ ਤਿਆਰ ਹੈ ਤਾਂ ਸ੍ਰੀ ਦਸਮੇਸ਼ ਪਿਤਾ ਜੀ ਨੇ ਸਿਰ ਲੈ ਕੇ ਖੰਡੇ ਦਾ ਅੰਮ੍ਰਿਤ ਪਿਲਾਇਆ ਤੇ ਹੁਕਮ ਦਿਤਾ ਅੱਜ ਤੋਂ ਮੇਰਾ ਸਿਖ ਚਾਰ ਕੁਰਹਿਤਾਂ ਤੋਂ ਜ਼ਰੂਰ ਬਚੇ ਅਤੇ ਪੰਜ ਰਹਿਤਾਂ ਜ਼ਰੂਰ ਰਖੇ । ਇਸ ਅੰਦਰਲੀ ਬਾਹਰਲੀ ਰਹਿਤ ਦੀ ਮਹਾਨਤਾ ਦਰਸਾਉਂਦਿਆਂ

www.AKJ.Org

ਹੋਇਆਂ ਇਥੋਂ ਤਕ ਕਿਹਾ—

"ਰਹਿਣੀ ਰਹੇ ਸੋਈ ਸਿਖ ਮੇਰਾ ॥"

ਭਾਵ ਮੇਰਾ ਸਿਖ ਉਹੀ ਹੈ ਜੋ ਅੰਦਰਲੀ ਬਾਹਰਲੀ ਰਹਿਤ ਪੂਰਨ ਤਰਾਂ ਅਮਲ ਵਿਚ ਲਿਆਉਂਦਾ ਹੈ।

ਜਦੋਂ ਕੋਈ ਵਿਦਿਆਰਥੀ ਦਸਵੀਂ ਪਾਸ ਕਰ ਲੈਂਦਾ ਹੈ ਤਾਂ ਉਸਨੂੰ ਦਸਵੀਂ ਪਾਸ ਹੋਣ ਦਾ ਸਰਟੀਫੀਕੇਟ ਮਿਲਦਾ ਹੈ। ਪਰ ਇਹ ਸਰਟੀਫੀਕੇਟ ਉਸਨੇ ਨਿਰਾ ਦਸਵੀਂ ਦੀ ਪੜ੍ਹਾਈ ਕਰਕੇ ਨਹੀਂ ਲਿਆ ਹੁੰਦਾ, ਸਗੋਂ ਦਸਵੇਂ ਸਾਲ ਦੀ ਪੜ੍ਹਾਈ ਦੇ ਨਾਲ ਪਿਛਲੇ ਨੌ ਸਾਲ ਦੀ ਪੜ੍ਹਾਈ ਵੀ ਕੀਤੀ ਹੁੰਦੀ ਹੈ। ਉਹ ਪਿਛਲੇ ਨੌ ਸਾਲ ਵੱਖ ਵੱਖ ਅਧਿਆਪਕਾਂ ਤੋਂ ਵੱਖ ਵੱਖ ਵਿਸ਼ਿਆਂ ਦੀ ਸਿਖਿਆ ਲੈਂਦਾ ਰਿਹਾ ਹੁੰਦਾ ਹੈ। ਤਾਂ ਹੀ ਦਸਵੀਂ ਜਮਾਤ ਦੀ ਪੜ੍ਹਾਈ ਕਰਨ ਦੇ ਯੋਗ ਹੋਇਆ ਹੁੰਦਾ ਹੈ। ਦਸਵੀਂ ਜਮਾਤ ਵਿਚ ਉਸ ਦੀ ਬੁੱਧੀ ਪਹਿਲੀਆਂ ਜਮਾਤਾਂ ਨਾਲੋਂ ਬਰੀਕ ਤੇ ਸੂਖਸ਼ਮ ਹੋ ਗਈ ਹੁੰਦੀ ਹੈ ਅਤੇ ਉਸ ਦੇ ਗਿਆਨ ਦਾ ਘੇਰਾ ਵਿਸ਼ਾਲ ਹੋ ਗਿਆ ਹੁੰਦਾ ਹੈ। ਇਵੇਂ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਰਕਾਸ਼ ਤੋਂ ਲੈਕੇ ੧੬੯੯ ਦੀ ਵਿਸਾਖੀ ਤਕ, ਦਸਾਂ ਜਾਮਿ .ਾਂ ਵਿਚ ਆਪਣੇ ਸਿਖ ਨੂੰ ਸਿਖੀ ਜੀਵਨ ਦੀ ਪੜ੍ਹਾਈ ਕਰਾਈ। ਇਸ ਸਾਰੀ ਪੜ੍ਹਾਈ ਸਲੇਬਸ ਗੁਰਬਾਣੀ ਦੇ ਰੂਪ ਵਿਚ ਸਮੇਂ ਸਮੇਂ ਤਿਆਰ ਕੀਤਾ ਗਿਆ ਤੇ ਉਸੇ ਅਨੁਸਾਰ ਹੀ ਸਿਖੀ ਜੀਵਨ ਜਾਂਚ ਦੀ ਅਮਲੀ ਪੜ੍ਹਾਈ ਗੁਰੂ ਸਾਹਿਬਾਨ ਨੇ ਕਰਾਈ। ਦਸਵੇਂ ਜਾਮੇਂ ਵਿਚ ਗੁਰੂ ਨਾਨਕ ਦੇਵ ਜੀ ਨੂੰ ਤਸੱਲੀ ਹੋ ਗਈ ਕਿ ਮੇਰਾ ਸਿੱਖ ਨੌ ਜਮਾਤਾਂ ਪਾਸ ਕਰ ਚੁਕਾ ਹੈ। ਜਦੋਂ ਇਹ ਖਾਲਸਾ (ਪੂਰਨ ਮਨੁਖ) ਬਣਨ ਦੇ ਯੋਗ ਹੋ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਨਾਮ ਅੰਮ੍ਰਿਤ ਦੇ ਕੇ ਉੱਚੀ ਸੁੱਚੀ ਰਹਿਤ ਬਹਿਤ ਬਖਸ਼ੀ। ਇਹ ਨਾਮ ਤੇ ਰਹਿਤ ਬਹਿਤ ਵਾਲਾ ਜੀਵਨ ਹੀ ਖਾਲਸਾ ਹੋਣ ਦਾ ਸਰਟੀਫਿਕੇਟ ਹੈ। ਬੱਸ ਸ੍ਰੀ ਦਸਮੇਸ਼ ਪਿਤਾ ਜੀ ਨੇ ਆਪਣੇ ਸਿੱਖ ਨੂੰ ਅੰਮ੍ਰਿਤਮਈ ਉਚੀ ਸੁੱਚੀ ਰਹਿਤ ਬਹਿਤ ਦੇ ਕੇ ਆਪਣਾ ਖਾਸ ਰੂਪ ਦੇ ਕੇ ਸਿਖੀ ਜੀਵਨ ਦਾ ਸਰਟੀਫਿਕੇਟ ਦਿਤਾ।

ਇਹ ਠੀਕ ਹੈ ਕਿ ਪੜ੍ਹਨ ਵਾਲੇ ਸਾਰੇ ਵਿਦਿਆਰਥੀ ਦਸਵੀਂ ਦਾ

www.AKJ.Org

ਸਰਟੀਫਿਕੇਟ ਪ੍ਰਾਪਤ ਨਹੀਂ ਕਰਦੇ । ਕਈ ਵਿਚ-ਵਿਚਾਲਿਓਂ ਪੜ੍ਹਾਈ ਛੱਡੇ ਜਾਂਦੇ ਜਾਂ ਫੇਲ੍ਹ ਹੋ ਜਾਂਦੇ ਹਨ। ਪਰ ਫੇਲ੍ਹ ਹੋਣ ਵਾਲੇ ਜਾਂ ਹਟਣ ਵਾਲੇ ਇਹ ਤਾਂ ਨਹੀਂ ਕਹਿ ਸਕਦੇ ਕਿ ਅਸੀਂ ਵੀ ਦਸਵੀਂ ਪਾਸ ਹਾਂ। ਦਸਵੀਂ ਪਾਸ ਉਹੀ ਅਖਵਾਏਗਾ ਜੋ ਦਸਵੀਂ ਪਾਸ ਹੋਣ ਦਾ ਸਰਟੀਫਿਕੇਟ ਲਵੇਗਾ। ਪਰ ਜਿਹੜਾ ਵਿਦਿਆਰਥੀ ਦਸਵੀਂ ਪਾਸ ਦਾ ਸਰਟੀਫਿਕੇਟ ਨਾ ਹੁੰਦਿਆਂ ਇਹ ਕਹੇ ਕਿ ਮੈਨੂੰ ਤਾਂ ਸਰਟੀਫਿਕੇਟ ਦੀ ਲੋੜ ਹੀ ਨਹੀਂ ਕਿਉਂਕਿ ਮੈਂ ਸੱਤਵੀਂ ਅੱਠਵੀਂ ਵਿਚ ਸਕੂਲ ਪੜ੍ਹਦਾ ਰਿਹਾ ਹਾਂ ਜਾਂ ਮੈਂ ਵੀ ਪੜ੍ਹੇ ਹੋਣ ਦਾ ਮਾਣ ਕਰ ਸਕਦਾ ਹਾਂ।

ਕਿਉਂਕਿ ਮੇਰੇ ਕੋਲ ਅਠਵੀਂ ਪਾਸ ਦਾ ਸਰਟੀਫੀਕੇਟ ਹੈ ਤਾਂ ਅਸੀਂ ਅਜਿਹੇ ਵਿਦਿਆਰਥੀ ਨੂੰ ਸਿਆਣਾ ਜਾਂ ਦਸਵੀਂ ਪਾਸ ਨਹੀਂ ਕਹਿ ਸਕਦੇ। ਜਿਵੇਂ ਦਸਵੀਂ ਜਮਾਤ ਦਾ ਸਰਟੀਫੀਕੇਟ ਪ੍ਰਾਪਤ ਕਰਨ ਲਈ ਪਹਿਲੀਆਂ ਨੌਂ ਜਮਾਤਾਂ ਪਾਸ ਕਰਕੇ ਦਸਵੀਂ ਜਮਾਤ ਦੇ ਅਧਿਆਪਕਾਂ ਕੋਲ ਪੜ੍ਹਕੇ ਇਮਤਿਹਾਨ ਦੇਣਾ ਹੀ ਪੈਂਦਾ ਹੈ, ਤਾਂ ਹੀ ਸਰਟੀਫੀਕੇਟ ਮਿਲਦਾ ਹੈ। ਤਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਅਖਵਾਉਣ ਲਈ ਖੰਡੇ ਦਾ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਰਖਣੀ ਹੀ ਪਵੇਗੀ। ਤਾਂ ਹੀ ਸਰਟੀਫਿਕੇਟ ਵਾਲੇ ਗੁਰੂ ਦੇ ਸਿਖ ਅਖਵਾ ਸਕਦੇ ਹਾਂ।

ਇਹ ਠੀਕ ਹੈ ਕਿ ਕਈ ਰਹਿਤ ਬਹਿਤ ਰਖਣ ਵਾਲੇ ਉਚੇ ਜੀਵਨ ਵਾਲੇ ਨਹੀਂ ਹੁੰਦੇ ਤੇ ਉਨ੍ਹਾਂ ਨੇ ਕੇਵਲ ਦਿਖਾਵੇ ਮਾਤਰ ਰਹਿਤ ਰਖੀ ਹੁੰਦੀ ਹੈ। ਪਰ ਇਹ ਤਾਂ ਆਪਣੀ ਆਪਣੀ ਮਿਹਨਤ ਹੈ। ਜਿੰਨੀ ਕੋਈ ਮਿਹਨਤ ਕਰੇ, ਉਹੋ ਜਿਹੀ ਡਵੀਜਨ ਲੈ ਲਵੇ। ਸਾਡਾ ਫਰਜ ਬਣਦਾ ਹੈ ਕਿ ਅਸੀਂ ਦਸਵੇਂ ਅਧਿਆਪਕ ਦੀ ਸਿਖਿਆ ਅਨੁਸਾਰ ਖੰਡੇ ਦਾ ਅੰਮ੍ਰਿਤ ਪੀਕੇ ਪੂਰੀ ਰਹਿਤ ਬਹਿਤ ਰਖੀਏ ਤੇ ਚੰਗੇ ਦਰਜੇ ਵਿਚ ਸਿੱਖ ਹੋਣ ਦਾ ਸਰਟੀਫੀਕੇਟ ਪ੍ਰਾਪਤ ਕਰੀਏ। ਜੇ ਅਸੀਂ ਕੁਝ ਸਾਲਾਂ ਵਿਚ ਗੁਰਬਾਣੀ ਪੜ੍ਹਕੇ, ਖੋਜ ਕੇ ਪਹਿਲੇ ਗੁਰੂਆਂ ਦੀ ਸਿਖਿਆ ਨੂੰ ਧਾਰਨ ਕਰਦੇ ਹੋਏ ਅੰਤਲੇ ਦੇਹਧਾਰੀ ਸਤਿਗੁਰੂ ਜੀ ਦੀ ਸਿਖਿਆ ਨੂੰ ਅਮਲ ਵਿਚ ਨਹੀਂ ਲਿਆਉਂਦੇ ਤਾਂ ਅਸੀਂ ਵੀ ਉਸ ਢਿਲੜ ਤੇ ਕਮਜੋਰ ਵਿਦਿਆਰਥੀ ਤਰ੍ਹਾਂ ਹੋਵਾਂਗੇ, ਜੋ ਦਸਵੀਂ ਵਿਚ ਪੁਜਣ ਤੋਂ

www.AKJ.Org

ਪਹਿਲਾਂ ਹੀ ਕਈ ਵਾਰ ਫੇਲ੍ਹ ਹੋਕੇ ਪੜ੍ਹਾਈ ਛਡ ਦਿੰਦਾ ਹੈ ਤੇ ਜਿਸ ਦੀ ਤੱਰਕੀ ਕਈ ਸਾਲ ਪਿਛੇ ਪੈ ਜਾਂਦੀ ਹੈ।

ਆਓ, ਢਿਲਕੜ੍ਹਪਣਾ ਛਡੀਏ। ਫੋਕੀਆਂ ਦਲੀਲਬਾਜ਼ੀਆਂ ਛਡੀਏ। ਚਾਰ ਦਿਨਾਂ ਦੀ ਲੋਕਾਂ ਦੀ ਫੋਕੀ ਵਾਹ ਵਾਹ ਵਲੋਂ ਮੁਕਤ ਹੋਕੇ ਸ੍ਰੀ ਦਸਮੇਸ਼ ਜੀ ਦੇ ਖੰਡੇ ਦਾ ਅੰਮ੍ਰਿਤ ਪਾਨ ਕਰਕੇ, ਪੂਰਨ ਰਹਿਤ ਬਹਿਤ ਨਾਲ ਪੂਰਨ ਸਿਘ ਸਜੀਏ ਤਾਂ ਹੀ ਲੋਕ ਪ੍ਰਲਕ ਸੁਖੀ ਹੋ ਸਕਦਾ ਹੈ।

---

## ਸੂਚਨਾ

ਜਥੇ ਦੀ ਵਰਕਿੰਗ ਕਮੇਟੀ ਦੇ ਹੁਕਮ ਅਨੁਸਾਰ ਸੂਰੇ ਦਾ ਦਫਤਰ ਬਦਲ ਕੇ ਜਲੰਧਰ ਆ ਗਿਆ ਹੈ। ਅਗੇ ਤੋਂ ਚਿਠੀ ਪੱਤਰ ਇਸ ਪਤੇ ਤੇ ਕੀਤਾ ਜਾਵੇ ਅਤੇ ਚੰਦਾਂ ਆਦਿਕ ਭੀ ਇਸ ਪਤੇ ਤੇ ਭੇਜੇ ਜਾਣ।

ਐਡੀਟਰ :—ਸੂਰਾ
305-L, ਮਾਡਲ ਟਾਊਨ, ਜਲੰਧਰ

www.AKJ.Org

# ਤੈਂ ਕੀ ਦਰਦ ਨਾ ਆਇਆ ॥

*(ਪ੍ਰੋ ਗੁਰਮੁਖ ਸਿੰਘ, ਐਮ. ਏ.)*

ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥ ੧ ॥
ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ ॥ ਰਹਾਉ ॥
ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਇ ਕੁਤੀਂ ਮੁਇਆ ਸਾਰ ਨਾ ਕਾਈ ॥
ਆਪੇ ਜੋੜ ਵਿਛੋੜੇ ਆਪੇ, ਵੇਖੁ ਤੇਰੀ ਵਡਿਆਈ ॥ ੨ ॥
ਜੇ ਕੋ ਨਾਉਂ ਧਰਾਏ ਵੱਡਾ ਸਾਦ ਕਰੇ ਮਨ ਭਾਣੇ ॥
ਖਸਮੈ ਨਦਰੀ ਕੀੜਾ ਆਵੈ, ਜੇਤੇ ਚੁਗੈ ਦਾਣੇ ॥
ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮ ਵਖਾਣੇ ॥ ੩ ॥
(ਆਸਾ ਮ: ੧ ਅੰਕ 360)

ਸ੍ਰੀ ਗੁਰੂ ਬਾਬਾ ਜੀ ਦੇ ਪੰਜ ਸੌ ਵੇਂ ਪ੍ਰਕਾਸ਼ ਉਤਸਵ ਨੂੰ ਭਾਰਤ ਵਿਚ ਅਤੇ ਪਰਦੇਸਾਂ ਵਿਚ ਸ਼ਰਧਾਲੂ ਸਿਖ ਸੰਗਤਾ ਨੇ ਬੜੀ ਧੂਮ ਧਾਮ ਨਾਲ ਮਨਾਇਆ ਪਰ ਸਾਡੀ ਮਾਨਸਿਕ ਹਾਲਤ ਅਜੋਕੇ ਉਧੜੇ ਹੋਏ ਸੰਸਾਰ ਵਾਂਗ ਉਦੜ-ਗੁਦੜ (Confused) ਜੇਹੀ ਹੋਣ ਕਰਕੇ ਸਾਡੇ ਬਹੁਤ ਸਾਰੇ ਪਰਚਾਰਕਾਂ ਨੇ ਤੇ ਕਈ ਸਾਹਿਤਕਾਰਾਂ ਨੇ ਗੁਰੂ ਜੀ ਨੂੰ ਆਪਣੇ ਯੁਗ ਦਾ ਮਹਾਨ ਕ੍ਰਾਂਤੀ ਕਾਰ ਦਸਿਆ ਅਤੇ ਇਥੋਂ ਤਕ ਵੀ ਕਹਿਣ ਵਿਚ ਸੰਕੋਚ ਨਹੀਂ ਕੀਤਾ ਕਿ ਆਪ ਨੇ ਉਪਰ ਦਿਤੇ ਸ਼ਬਦ ਵਿੱਚ ਬਾਬਰ ਦੇ ਹਮਲ ਵੇਲੇ ਰੱਬ ਨੂੰ ਕੋਸਿਆ ਤੇ ਪੁਛਿਆ "ਤੈਂ ਕੀ ਦਰਦ ਨਾ ਆਇਆ" ? ਇਸੇ ਭਾਵ ਵਿੱਚ ਉਪਰੋਕਤ ਸ਼ਬਦ ਨੂੰ ਤਕਰੀਬਨ ਹਰ ਸਟੇਜ਼ ਤੋਂ ਗਾਇਆ ਗਿਆ ਜਾਂ ਇਸ ਵਲ ਇਸ਼ਾਰਾ ਕੀਤਾ ਗਿਆ ।

ਇਹ ਸਭ ਕੁਝ ਸੁਣਕੇ ਅਤੇ ਪੜ੍ਹਕੇ ਮਨ ਵਿੱਚ ਇਕ ਸਵਾਲ ਉਠਦਾ ਹੈ,



www.AKJ.Org

ਕੀ ਸਚਮੁਚ ਗੁਰੂ ਬਾਬਾ ਜੀ ਦੀ ਪ੍ਰਤੀਭਾ (personality) ਇਕ ਬਾਗ਼ੀ ਫਕੀਤ ਦੀ ਸੀ ? ਕੀ ਇਹ ਉਹੀ ਗੁਰੂ ਨਾਨਕ ਹੈ ਜੋ ਜਪੁਜੀ ਸਾਹਿਬ ਵਿੱਚ ਰੱਬੀ ਰਮਜ਼ਾਂ ਵਲ ਸੰਕੇਤ ਕਰ ਕੇ ਕਹਿ ਰਹੇ ਹਨ "ਹੁਕਮੈ ਅੰਦਰ ਸਭ ਕੋ ਬਾਹਰ ਹੁਕਮ ਨ ਕੋਇ ॥" ਸਾਰੀ ਬਾਣੀ ਵਿਚ ਕਿਤੇ ਭੀ ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਉਲਾਮਾਂ ਨਹੀਂ ਦਿਤਾ ਸਗੋਂ ਭਾਣੇ ਨੂੰ ਮਿਠਾ ਮਿਠਾ ਕਰਕੇ ਮੰਨਣ ਦਾ ਹੀ ਉਪਦੇਸ਼ ਦਿਤਾ ਹੈ। ਫਿਰ ਇਥੇ ਉਲਾਮਾ ਕਿਉਂ ਅਤੇ ਕਿਵੇਂ ? ਉਲਾਹਨੋ ਮੈਂ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥ ੧ ॥ ਰਹਾਓ ॥

(ਨਟ ਨਰਾਇਨ ਮ: ੫ ਦੁਪਦੇ 9 8)

ਇਹ ਸਾਰੀ ਗੁਰਬਾਣੀ ਦੇ ਇਸ ਹੁਕਮ ਰਜਾਈ ਦੇ ਉਘੇ ਪਿਛੋਕੜ (Context) ਨੂੰ ਵਿਚਾਰਦਿਆਂ ਇਹ ਗਲ ਮੰਨਣ ਯੋਗ ਨਹੀਂ ਕਿ ਸਚੇ ਪਾਤਸ਼ਾਹ ਨੇ ਬਾਬਰ ਦੇ ਹਮਲੇ ਵਿਚ ਹੋਈ ਕਤਲਆਮ ਨੂੰ ਦੇਖ ਕੇ ਰੱਬ ਨੂੰ ਮੇਹਣਾ ਮਾਰ ਕੇ ਆਖਿਆ ਹੋਵ "ਤੈਂ ਕੀ ਦਰਦ ਨ ਆਇਆ" ॥ ਸਿਰੀ ਰਾਗ ਦੀ ਬਾਣੀ ਵਿਚ ਮਹਾਰਾਜ ਨੇ ਇਕ ਥਾਂ ਫੁਰਮਾਇਆ ਹੈ :—

ਤੇਰੇ ਜੀਅ, ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥
ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥

[ਸਿਰੀ ਰਾਗ ਮ: ੧ ਘਰ ੪ ਪੰਨਾ 25:]

ਇਸ ਜਟਿਲ ਨੁਕਤੇ ਤੇ ਵਿਚਾਰ ਕਰਨ ਲਈ ਸਾਨੂੰ ਉਪਰੋਕਤ ਦੋ ਫੁਰਮਾਨ ਬੜੀ ਸਹਾਇਤਾ ਦਿੰਦੇ ਹਨ। "ਕਰਤਾ ਤੂੰ ਸਭਨਾ ਕਾ ਸੋਇ ॥" ਅਤੇ "ਜੇ ਸਕਤਾ ਸਕਤੇ ਕੋ ਮਾਰੇ ਤਾਂ ਮਨਿ ਰੋਸ ਨ ਹੋਈ ॥" ਪਹਿਲੀ ਗਲ ਤਾਂ ਇਹ ਕਿ ਵਾਹਿਗੁਰੂ ਦੇ ਹੀ ਰਚੇ ਸਭ ਜੀਵ ਹਨ। ਤੇ ਦੂਜਾ ਇਹ ਕਿ ਜੇ ਉਸ ਨੂੰ ਰੋਹਿ ਭੀ ਆ ਜਾਏ ਆਪਣੇ ਜੀਵਾਂ ਤੇ, ਤਾਂਭੀ ਕੋਈ ਗਲ ਨਹੀਂ, ਕਿਉਂਕਿ ਉਹ ਜੀਵ ਉਸੇ ਦੇ ਰਚੇ ਹੋਏ ਹੀ ਹਨ। ਕੀ ਅਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਰਬ ਦੇ ਜੀਵਾਂ ਦੇ ਵਿਚਕਾਰ ਇਕ ਤੀਸਰੀ ਹਸਤੀ ਮਨੀਏ ਜੋ "ਤੈਂ ਕੀ ਦਰਦ ਨਾ ਆਇਆ" ਦੀ ਆਵਾਜ਼ ਬੁਲੰਦ ਰਖੇ ? ਬੜਾ ਅਜੀਬ ਲਗਦਾ ਹੈ। ਇਕ ਪਾਸੇ ਅਸੀਂ ਬਾਣੀ ਵਿਚੋਂ ਪ੍ਰਾਪਤ ਸਕੇਤਾਂ ਨੂੰ ਮੰਨ ਕੇ

www.AKJ.Org

ਗੁਰੂ ਬਾਬੇ ਜੀ ਨੂੰ "ਆਪ ਨਰਾਇਣ ਕਲਾਧਾਰ ਜਗ ਮੇਂ ਪਰਵਰਿਓ" (1395) ਦੇ ਹੁਕਮ ਅਨੁਸਾਰ ਅਸੀਂ ਗੁਰੂ ਜੀ ਨੂੰ 'ਅਕਾਲ ਰੂਪ" ਮੰਨਦੇ ਹਾਂ। ਫਿਰ ਕੌਣ ਉਲਾਮਾਂ ਦੇ ਰਿਹਾ ਹੈ ? ਅਤੇ ਕਿਸ ਨੂੰ ਉਲਾਮਾ ਦਿਤਾ ਜਾ ਰਿਹਾ ਹੈ ?

ਮੇਰੀ ਇਸ ਵਿਸ਼ੇ ਤੇ ਵਿਚਾਰ ਪੰਜਾਬ ਦੇ ਇਕ ਉਘੇ ਸਾਹਿਤਕਾਰ ਨਾਲ ਹੋਈ, ਜਿਨ੍ਹਾਂ ਨੇ ਆਪਣੇ ਲੇਖਾਂ ਵਿੱਚ ਬੜ ਸਪਸ਼ਟ ਸ਼ਬਦਾਂ ਵਿੱਚ ਲਿਖਿਆ ਹੈ ਤੇ ਬੜੇ ਫਖ਼ਰ ਨ ਲ, ਕਿ ਗੁਰੂ ਨਾਨਕ ਨੇ ਲੋਕਾਂ ਦੀ ਹਾ ਹਾ ਕਾਰ ਦੇਖ ਕੇ, ਸੁਣ ਕੇ ਰਬ ਨੂੰ ਇਸ ਪਾਸੇ ਧਿਆਨ ਦੇਣ ਲਈ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਮੇਹਣਾ ਮਾਰਿਆ। ਉਹ ਕਹਣ ਲਗੇ ਕਿ ਮਰੇ ਇਸ ਤਰ੍ਹਾਂ ਲਿਖਣ ਦੇ ਦੋ ਕਾਰਨ ਹਨ। ਇਕ ਤਾਂ ਤਕਰੀਬਨ ਸਾਰੇ ਪੰਥਕ ਵਿਦਵਾਨਾਂ ਨੇ ਇਸ ਤੁਕ ਦੇ ਇਹੋ ਅਰਥ ਕੀਤੇ ਹਨ। ਤੇ ਦੂਜਾ ਇਹ ਕਿ ਇਹੋ ਜੇਹੀਆਂ ਮਹਾਨ ਹਸਤੀਆਂ ਦੋ ਪਧਰਾਂ (levels) ਤੋਂ ਬੋਲ ਸਕਦੀਆਂ ਹਨ। ਇਸ ਸ਼ਬਦ ਵਿੱਚ ਬਾਬਾ ਜੀ ਸਮਾਜਕ ਪਧਰ ਅਤੇ ਸਮਾਜਕ ਨਿਯਾ ਨੂੰ ਮੁਖ ਰਖਦਿਆ ਵਾਹਿਗੁਰੂ ਨੂੰ ਇਸ ਸਿਧਾਂਤ ਤੋਂ ਜਾਣੂ ਕਰਵਾ ਰਹੇ ਹਨ ਕਿ "ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨ ਰੋਸੁ ਨ ਹੋਈ ॥" ਪਰ ਕਿਉਂਕਿ ਬਾਬਰ ਦੇ ਹਮਲੇ ਦੀ ਲਪੇਟ ਵਿੱਚ ਆਏ ਬਹੁ ਗਿਣਤੀ ਉਹਨਾਂ ਦੀ ਸੀ ਜੋ ਬੇ ਕਸੂਰ ਤੇ ਨਿਰਬਲ ਸਨ ਇਸ ਲਈ ਸਮਾਜਕ ਨਿਆਂ ਦੀ ਦ੍ਰਿਸ਼ਟੀ ਤੋਂ ਪਰਮ ਪੁਰਖ ਪਰਮਾਤਮਾਂ ਨੂੰ ਇਸ ਸਿਧਾਤ ਤੋਂ ਜਾਣੂ ਕਰਾਣਾ ਗੁਰੂ ਬਾਬਾ ਜੀ ਲਈ ਉਚਿਤ ਸੀ। ਕਿਉਂਕਿ ਆਪ ਜਨਤਾ ਦੇ ਮਹਾਨ ਆਗੂ ਸਨ। ਅਤੇ ਜਨਤਾ ਲਈ ਆਵਾਜ ਉਠਾਣਾ ਅਜ ਦੀ ਸਮਾਜਵਾਦੀ ਰੁਚੀਆਂ ਦੇ ਅਨੁਕੂਲ ਹੈ। ਇਸ ਲਈ ਇਨ੍ਹਾਂ ਦਾ ਖ਼ਿਆਲ ਸੀ ਕਿ ਮਹਾਰਾਜ ਨੂੰ ਇਸ ਰੰਗ ਵਿਚ ਪੇਸ਼ ਕਰਨ ਨਾਲ ਪ੍ਰਚਾਰ ਵਿਚ ਵਾਧਾ ਹੋਵੇਗਾ।

ਪਰ ਇਹ ਸਾਰੀ ਵਿਆਖਿਆ ਸਾਹਿਤਕ ਦ੍ਰਿਸ਼ਟੀ ਤੋਂ ਹੈ। ਆਤਮਕ (Spiritual) ਦ੍ਰਿਸ਼ਟੀ ਤੋਂ ਨਹੀਂ। ਆਤਮ ਦ੍ਰਿਸ਼ਟੀ ਤੋਂ ਵਿਚਾਰ ਕਰਦਿਆਂ ਇਹ ਕਹਿਣ ਦੀ ਲੋੜ ਨਹੀਂ ਕਿ ਰੱਬ ਇਕ ਅਜੇਹੀ ਅਚੇਤਨ ਹਸਤੀ ਹੈ ਜਿਸਨੂੰ ਮੇਹਣਾ ਮਾਰ ਕੇ ਉਭਾਰਨਾ ਪਵੇ। ਉਹ ਤਾਂ ਸਰਬ ਸ਼ਕਤੀ ਮਾਨ ਹਰ ਥਾਂ ਹਰ ਵੇਲੇ ਪਸ੍ਰਰ ਰਿਹਾ ਹੈ।

www.AKJ.Org

"ਸਰਬ ਜੋਤਿ ਤੇਰੀ ਪਸਰ ਰਹੀ।"

ਉਸ ਸਰਬ ਵਿਆਪੀ ਨੂੰ "ਤੈਂਕੀ ਦਰਦ ਨ ਆਇਆ" ਪੁਛਣਾ ਇਕ ਛੋਛੀ ਜੇਹੀ ਗਲ ਜਾਪਦੀ ਹੈ, ਜੋ ਗੁਰੂ ਸਾਹਿਬ ਕਦੀ ਨਹੀਂ ਪੁਛ ਸਕਦੇ ਹਨ।

ਆਮ ਵੇਦਾਂਤਕ ਵਿਚਾਰ ਅਨੁਸਾਰ ਪਰਮਾਤਮਾਂ ਦੁਖ ਸੁਖ ਤੋਂ ਨਿਰਲੇਪ ਵਿਅਕਤੀ ਮੰਨੀ ਗਈ ਹੈ। ਪਰ ਗੁਰਬਾਣੀ ਅੰਦਰ ਇਸ ਸਿਧਾਂਤ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਦਸਵਾਂ ਪਾਤਸ਼ਾਹ ਨੇ ਫੁਰਮਾਇਆ ਹੈ ਕਿ ਰੱਬ ਨੂੰ ਭੀ ਦੁਖ ਅਤੇ ਸੁਖ ਦਾ ਅਨੁਭਵ ਹੁੰਦਾ ਹੈ।

ਸੰਤਨ ਦੁਖ ਪਾਏ ਤੇ ਦੁਖੀ।
ਸੁਖ ਪਾਏ ਸਾਧਨ ਕੇ ਸੁਖੀ।

ਭਾਵ ਜੁਗਾਂ ਜੁਗਾਂ ਵਿੱਚ ਵਾਹਿਗੁਰੂ ਆਪ ਭਗਤਾਂ ਨੂੰ ਦੁਖ ਦੇਣ ਵਾਲਿਆਂ ਤੋਂ ਦੁਖੀ ਹੋ ਕੇ ਤਤਕਾਲ ਭਗਤਾਂ ਦੀ ਰਖਿਆ ਲਈ ਆਪ ਪਹੁੰਚਦਾ ਰਿਹਾ ਹੈ, ਕਿਸੇ ਨ ਕਿਸੇ ਰੂਪ ਵਿਚ। ਜਿਵੇਂ :—

"ਜੋ ਜੋ ਤੁਮਰੇ ਭਗਤ ਦੁਖਾਏ ਤਤਕਾਲ ਤੁਮ ਮਾਰਾ॥"

ਪਰ ਉਪਰ ਦਿਤੇ ਸ਼ਬਦ ਵਿਚ ਤਾਂ ਗੁਰੂ ਮਹਾਰਾਜ ਭੂਮਕਾ ਵਿਚ ਹੀ ਕਹਿ ਰਹੇ ਹਨ ਕਿ ਅਕਾਲ ਪੁਰਖ ਆਪਣੀ ਰਚਨਾ ਦੇ ਇਸ ਡਰਾਮੇ ਵਿੱਚ ਆਪਣੇ ਸਿਰ ਦੋਸ਼ ਕਦੀ ਵੀ ਨਹੀਂ ਲੈਂਦਾ, ਸਗੋਂ ਆਪਣੇ ਅੰਦਰੂਨੀ ਅਦ੍ਰਿਸ਼ਟ ਇਸ਼ਾਰੇ ਨਾਲ ਹੀ ਖੁਰਾਸਾਨ ਦੇ ਰਹਿਣ ਵਾਲੇ ਬਾਬਰ ਨੂੰ ਜਮ ਦਾ ਰੂਪ ਦੇ ਕੇ ਜਨਤਾ ਦੇ ਕੱਟ-ਵੱਢ ਲਈ ਆਪ ਹੀ ਭੇਜਿਆ। ਜੇ ਸ਼ੇਰ ਮਾਸੂਮ ਭੇਡਾਂ ਨੂੰ ਪੈ ਜਾਵੇ ਤਾਂ ਲੋਕੀਂ ਉਸ ਵਗ ਦੇ ਖਸਮ ਭਾਵ ਰਾਖੇ ਨੂੰ ਪੁਛਦੇ ਹਨ। ਬਾਬਰ ਸ਼ੇਰ ਹਿੰਦ ਦੀਆਂ ਭੇਡਾਂ ਨੂੰ ਪੈ ਗਿਆ ਤਾਂ ਪੁਛ ਹੋਣੀ ਚਾਹੀਦੀ ਹੈ ਲੋਧੀ ਰਾਜਿਆਂ ਤੋਂ ਜੋ ਵਕਤ ਦੇ ਹਾਕਮ ਸਨ। ਜਾਪਦਾ ਹੈ ਗੁਰੂ ਮਹਾਰਾਜ ਲੋਧੀ ਰਾਜਿਆਂ ਨੂੰ ਹੀ ਸੰਬੋਧਨ ਹੋ ਕੇ ਪੁਛਦੇ ਹਨ ਕਿ ਤੇਰੀ ਏਨੀ ਪਰਜਾ ਮਾਰੀ ਗਈ ਤੈਨੂੰ ਦਰਦ ਨਹੀਂ ਆਇਆ। ਮਾਲਕ ਦੇ ਚੋਜ ਦਸਦਿਆਂ ਪਾਤਸ਼ਾਹ ਫੁਰਮਾਂਦੇ ਹਨ ਕਿ ਹੇ ਵਾਹਿਗੁਰੂ ਤੂੰ ਜੀਆਂ ਨੂੰ ਜੋੜਦਾ ਭੀ ਹੈਂ ਤੇ ਵਿਛੋੜਦਾ ਭੀ ਹੈਂ। ਜੇ ਕੋਈ ਰਾਜਾ ਆਪਣੇ ਆਪ ਨੂੰ ਵੱਡਾ ਸਮਝੇ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਇਸ ਵਡੱਪਣ ਦਾ ਦਾਵਾ ਵਾਹਿਗੁਰੂ ਅਗੇ ਭੀ ਕਰ

www.AKJ.Org

ਸਕਦਾ ਹੈ ਤੇ ਕੁਝ ਖਾਸ ਰਾਖਵੇਂ ਹਕ ਮੰਗਦਾ ਹੈ। ਪਰ ਪਰਮਾਤਮਾਂ ਦੀ ਨਜ਼ਰ ਵਿੱਚ ਨਾ ਕੋਈ ਉਚਾ ਹੈ ਨਾ ਕੋਈ ਨੀਵਾਂ ਹੈ, ਸਗੋਂ ਨਿਕੇ ਤੋਂ ਨਿਕਾ ਕੀੜਾ ਭੀ ਉਸਦੀ ਨਜ਼ਰ ਵਿੱਚ ਹੈ।

ਇਸ ਸਮੁਚੇ ਸ਼ਬਦ ਵਿਚ ਕਿਤੇ ਭੀ ਗੁਰੂ ਜੀ ਨੇ ਆਮ ਜਨਤਾ ਤੇ ਹੋਏ ਜ਼ੁਲਮ ਦਾ ਜ਼ਿਕਰ ਨਹੀਂ ਕੀਤਾ, ਤੇ ਜੇ ਕਿਤੇ ਸਮਾਜਿਕ ਨਿਆਂ ਦੀ ਮੰਗ ਭੀ ਕੀਤੀ ਹੈ ਤਾਂ ਉਹਨਾਂ ਰਾਜਿਆਂ ਤੋਂ ਕੀਤੀ ਹੈ ਜਿਹਨਾਂ ਨੇ ਆਪੋ ਵਿੱਚ ਦੀ ਫੁਟ ਕਾਰਨ ਦੇਸ਼ ਨੂੰ ਮਰਵਾਇਆ ਤੇ ਲੁਟਾਇਆ। ਉਹਨਾਂ ਨੂੰ ਕੁੱਤਾ ਤਕ ਭੀ ਆਖਣ ਤੋਂ ਸੰਕੋਚ ਨਹੀਂ ਕੀਤਾ।

ਰਾਗ ਆਸਾ ਮਹਲ ੧ ਅਸਟਪਦੀਆਂ ਘਰ ੩ ਪੰਨਾ 417 ਤੇ 418 ਵਿੱਚ ਭੀ ਬਾਬਰ ਦੀ ਲੜਾਈ ਵਲ ਸੰਕੇਤ ਹੈ। ਕਈ ਸਜਨਾਂ ਦਾ ਵਿਚਾਰ ਹੈ ਕਿ "ਜੇ ਸਕਤਾ ਸਕਤੇ ਕੋ ਮਾਰੇ ਤਾ ਮਨ ਰੋਸ ਨਾ ਹੋਈ" ਰਹਾਓ ਦੀ ਤੁਕ ਹੈ ਇਸ ਲਈ ਅਕਾਲ ਪੁਰਖ ਨੂੰ ਸੰਬੋਧਨ ਕੀਤੀ ਗਈ ਹੈ।" ਉਪਰੋਕਤ ਅਸਟਪਦੀਆਂ ਦੇ ਇਕ ਸ਼ਬਦ ਨੰ ੧੧ ਵਿੱਚ ਰਹਾਓ ਦੀ ਤੁਕ ਹੈ "ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ, ਕਰਿ ਕਰਿ ਦਖਹਿ ਵੇਸ ॥ ਰਹਾਉ ॥"

ਅਤੇ ਦੂਜੇ ਸ਼ਬਦ ਨੰ ੧੨ ਵਿੱਚ "ਇਹ ਜਗ ਤੇਰਾ ਤੂੰ ਗੋਸਾਈਂ ॥ ਏਕ ਘੜੀ ਮਹਿ ਥਾਪਿ ਉਥਾਪੇ, ਜਰੁ ਵੰਡ ਦੇਵੈ ਭਾਈ ॥ ਰਹਾਉ ॥" ਇਥੇ ਤਾਂ ਗੁਰੂ ਬਾਬਾ ਜੀ ਅਕਾਲ ਪੁਰਖ ਨੂੰ ਆਦੇਸ ਕਰ ਰਹੇ ਹਨ, ਤੇ ਗੁਸਾਈ ਮੰਨ ਕੇ ਰਚਨਹਾਰ ਥਾਪ ਰਹੇ ਹਨ, ਕਿਤੇ ਉਲਾਮੇ ਵਾਲੀ ਕੋਈ ਗਲ ਹੀ ਨਹੀਂ ਆਖੀ।

ਜੇ ਇਕ ਮਿੰਟ ਲਈ ਸਾਹਿਤਕਾਰਾਂ ਦੀ ਗਲ ਮੰਨ ਭੀ ਲਈ ਜਾਵੇ ਕਿ ਮਹਾਰਾਜ ਨੇ ਅਕਾਲ ਪੁਰਖ ਨੂੰ ਉਲਾਮਾ ਹੀ ਦਿਤਾ। ਚਲੋ ਮੇਹਣਾ ਹੀ ਸਹੀ। ਪਰ ਵਿਚਾਰ ਕਰਨ ਜੋਗ ਗਲ ਇਹ ਹੈ ਕਿ ਇਸ ਮੇਹਣੇ ਵਿੱਚ ਮੁਦਈ ਸੁਸਤ ਤੇ ਗਵਾਹ ਚੁਸਤ ਦੀ ਦਲੀਲ ਦਿਸਦੀ ਹੈ।

ਅਸਟਪਦੀਆਂ ਦੇ ਇਹਨਾਂ ਸ਼ਬਦਾਂ (ਨੂੰ ੧੧ ਤੇ ੧੨) "ਜਿਨ ਸਿਰਿ ਸੋਹਨਿ ਪਟੀਆਂ........" ਤੇ ਦੂਜਾ "ਕਹਾ ਸੁ ਖੇਲ ਤਬੇਲਾ ਘੋੜੇ........" ਵਿੱਚ ਮਹਾਰਾਜ ਜੀ ਨੇ ਕੁਝ ਵਿਸਥਾਰ ਨਾਲ ਮਜ਼ਲੂਮ ਪਰਜਾ ਦੇ ਅਯਾਸ਼ ਰਹਿਣੀ

www.AKJ.Org

ਬਹਿਣੀ ਵਲ ਸੰਕੇਤ ਕੀਤਾ ਹੈ, ਜਿਸ ਤਰ੍ਹਾਂ "ਮਹਲਾਂ ਅੰਦਰਿ ਹੋਦੀਆਂ," "ਗਰੀ ਛੁਹਾਰੇ ਖਾਂਦੀਆਂ ਮਾਨਣ ਸੇਜੜੀਆਂ ।।" "ਸਾਹਾਂ ਸੁਰਤਿ ਗਵਾਈਆ ਰੰਗ ਤਮਾਸ਼ੇ ਚਾਇ ।।" ਅਤੇ "ਰਾਮ ਨ ਕਬਹੂ ਚੇਤਿਓ. ਹੁਣ ਕਹਣਿ ਨ ਮਿਲੈ ਖ਼ੁਦਾਇ ।।" ਜਾਂ ਦੂਜੇ ਸ਼ਬਦ ਵਿੱਚ ਰਬੋਂ ਭੁਲੇ ਲੋਕਾਂ ਤੇ ਸ਼ਾਹਾਂ ਨੂੰ ਜਿਨਾਂ ਤੇ ਬਾਬਰ ਦੇ ਹਮਲੇ ਦਾ ਭੈੜਾ ਪਰਭਾਵ ਪਿਆ ਜਾਪਦਾ ਹੈ, ਤੇ ਆਪ ਪੁਛਦੇ ਹਨ; "ਕਹ ਸੁ ਖੇਲ, ਤਬੇਲਾ, ਘੋੜੇ ਕਹਾ ਭੇਰੀ ਸਹਨਾਈ, ।" ਕਿਥ ਗਏ ਤੁਹਾਡੇ ਰਥ, ਤੇ ਅਮੀਰੀ ਠਾਠਾਂ ਵਾਲੇ ਲਾਲ ਚੋਗੇ । ਅਤੇ ਕਿਥੇ ਗਏ ਤੁਹਾਡੇ ਐਸ਼ ਇਸ਼ਰਤ ਦੇ ਸਾਮਾਨ । ਮਹਲ, ਪਾਨ, ਤੰਬੋਲੀ, ਸੁੰਦਰ ਇਸਤਰੀਆਂ ਹੁਣ ਛਾਂਈ ਮਾਂਈ ਹੋਈਆਂ ਜਾਪਦੀਆਂ ਹਨ । ਇਹਨਾਂ ਦੋਵੇ ਸ਼ਬਦਾਂ ਵਿੱਚ ਦੁਖੀ ਤੇ ਬੁਰੀ ਤਰਾਂ ਕੁਚਲੀ ਪਰਜਾ ਦਾ ਇਤਨਾ ਬੁਰਾ ਅਖੀਂ-ਡਿਠਾ ਹਾਲ ਤਕ ਕੇ ਵੀ ਮਹਾਰਾਜ ਨੇ ਕਿਤੇ ਭੀ ਉਲਾਮਾ ਨਹੀਂ ਦਿਤਾ । ਸਗੋਂ ਪਹਿਲੇ ਸ਼ਬਦ ਵਿੱਚ ਲਿਖਿਆ ਹੈ "ਇਕਨਾ ਇਹੋ ਲਿਖਿਆ ਬਹਿ ਬਹਿ ਰੋਵਹਿ ਦੁਖ ।। ਜੋ ਤਿਸੁ ਭਾਵੈ ਸੋ ਥੀਐ, ਨਾਨਕ ਕਿਆ ਮਾਨੁਖ ।।" ਅਤੇ ਦੂਜੇ ਸ਼ਬਦ ਵਿਚ ਆਪ ਰੱਬੀ ਰਜ਼ਾ ਨੂੰ ਸਿਰ ਮਥ ਮੰਨਣ ਲਈ ਪ੍ਰੇਰਦੇ ਹਨ ।

" ਜਿਸ ਨੋ ਆਪਿ ਖੁਆਇ ਕਰਤਾ, ਖੁਸਿ ਲਏ ਚੰਗਿਆਈ ।।"

---

ਜਿਸ ਕੀ ਚੀਰੀ ਦਰਗਹ ਪਾਟੀ, ਤਿਨ੍ਹਾ ਮਰਣਾ ਭਾਈ ।।

---

ਅਤੇ ਫੇਰ ਲਿਖਿਆ ਹੈ :—

"ਆਪੇ ਕਰੇ ਕਰਾਏ ਕਰਤਾ, ਕਿਸ ਨੋ ਆਖਿ ਸੁਣਾਈਐ ।।
ਦੁਖ ਸੁਖ ਤੇਰੈ ਭਾਣੈ ਹੋਵੈ, ਕਿਸ ਥੈ ਜਾਇ ਰੂਆਈਐ ।।
ਹੁਕਮੀ ਹੁਕਮਿ ਚਲਾਏ ਵਿਗਸੈ, ਨਾਨ੍ਹਕ ਲਿਖਿਆ ਪਾਈਐ ।।"

ਮਨ ਨੂੰ ਇਹ ਗਲ ਅਪੀਲ ਨਹੀਂ ਕਰਦੀ ਕਿ ਸ੍ਰੀ ਗੁਰੂ ਜੀ ਏਹੋ ਅਯਾਸ਼ ਤੇ ਰਾਮ ਤੋਂ ਭੁਲੇ, ਮਾਇਆ ਵਿੱਚ ਲਿਪਤ ਜਨਤਾ ਲਈ ਆਪਣੇ ਸੋਹਣੇ ਸਿਰਤਾਜ ਅਕਾਲ ਪੁਰਖ ਨੂੰ ਉਲਾਮਾ ਦਿੰਦੇ । ਕੀ ਸੁਸਤ ਮੁਦਈ ਦੇ ਚੁਸਤ ਗਵਾਹ ਗੁਰੂ ਨਾਨਕ ਸਨ ? ਨਹੀਂ, ਨਹੀਂ ਨਹੀਂ, ਕਦੀ ਨਹੀਂ । ਗੁਰੂ

www.AKJ.Org

ਬਾਬਾ ਜੀ ਨੇ ਸਾਰੀ ਰਚਨਾ ਦੀ ਖੇਡ ਦਾ ਆਧਾਰ ਹੁਕਮ ਮੰਨਿਆ ਹੈ, ਇਹ ਕਦੀ ਹੋ ਨਹੀਂ ਸਕਦਾ ਕਿ ਉਹ ਇਸ ਹੁਕਮ ਦੇ ਧੁਰੇ ਨੂੰ ਛਡ ਕੇ ਸਸਤੇ ਲੀਡਰਾਂ ਵਾਂਗ ਜਨਤਾ ਦੀਆਂ ਖੁਸ਼ੀਆਂ ਲੈਣ ਲਈ ਲੋਕ ਕਵੀ ਬਣ ਕੇ ਵਾਹਿਗੁਰੂ ਜੀ ਨੂੰ ਝੁਠਲਾਉਣ। ਗੁਰੂ ਬਾਬ ਦੇ ਜੀਵਨ ਤੇ ਸ਼ਖਸੀਅਤ ਵਿੱਚ ਇਕੋ ਤਾਂ ਕਮਾਲ ਦੀ ਗਲ ਹੈ ਕਿ ਜਿਸ ਸਿਧਾਂਤ ਦਾ ਇਕ ਵਾਰੀ ਨਿਰੂਪਨ ਕਰ ਦਿਤਾ ਹੈ, ਉਸ ਤੋਂ ਸਵੈ-ਵਿਰੋਧੀ ਗਲ ਕਦੀ ਨਹੀਂ ਆਖੀ ਜਾਂ ਕ ਤੀ। ਉਪਰੋਕਤ ਸ਼ੰਕੇ ਦਾ ਉਤਰ ਗੁਰੂ ਬਾਬੇਦੀ ਆਪਣੀ ਬਾਣੀ ਤੇ ਖਾਸ ਕਰਕੇ ਬਾਬਰ ਬਾਣੀ ਵਿਚੋਂ ਹੀ ਦੇਣ ਦਾ ਜਤਨ ਕੀਤਾ ਗਿਆ ਹੈ। ਜਿਥੇ ਜਿਥੇ ਜਨਤਾ ਦੇ ਸਿਰ ਖੁਰ ਪਾਟਨ ਦਾ ਜ਼ਿਕਰ ਆਇਆ ਹੈ, ਉਥ ਇਸ ਨੂੰ ਰਜ਼ਾ ਹੀ ਦਸਿਆ ਹੈ। ਤੇ ਆਪ ਉਸ ਸਾਹਿਬ ਦੇ ਸੋਹਲੇ ਗਾਉਣਾ ਹੀ ਉਤਮ ਸਮਝਦੇ ਹਨ ਜਿਵੇਂ ਮਹਾਰਾਜ ਨੇ ਤਿੰਲਗ ਮਹਲਾ ੧ (722-23) ਵਿੱਚ ਆਖਿਆ ਹੈ। "ਸਾਹਿਬ ਕੇ ਗੁਣ ਨਾਨਕ ਗਾਵੈ, ਮਾਸਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗ ਰਵਾਈ, ਬੈਠਾ ਵੇਖੈ ਵਖਿ ਇਕੇਲਾ ॥" ਅਤੇ ਅਕਾਲ ਪੁਰਖ ਤੇ ਦ੍ਰਿੜ ਭਰੋਸਾ ਦ੍ਰਿੜਾਉਂਦਿਆ ਆਪ ਅਗ ਇਸੇ ਸ਼ਬਦ ਵਿੱਚ ਲਿਖਦੇ ਹਨ,

"ਸਚਾ ਸੋ ਸਾਹਿਬ,ਸਚੁ ਤਪਾਵਸ, ਸਚੜਾ ਨਿਆਓ ਕਰੇਗੁ ਮਸੋਲਾ"। ਭਾਵ ਵਾਹਿਗੁਰੂ ਸਭ ਦਾ ਸਚਾ ਸਾਹਿਬ ਹੈ, ਤੇ ਜੋ ਨਿਆਓ ਕਰੇਗਾ ਉਹ ਅਸਲੀ ਅਤੇ ਸਚਾ ਹੀ ਹੋਵੇਗਾ। ਫਿਰ ਉਲਾਮੇ ਦਾ ਕੀ ਸਵਾਲ। ਉਲਾਮੇ ਵਾਲੀ ਗਲ ਕਦੀ ਹੋ ਨਹੀਂ ਸਕਦੀ।

ਅਸਾਂ ਅਲਪਗ ਬੁਧੀ ਵਾਲੇ ਸੰਸਾਰਕ ਬਿਰਤੀ ਵਾਲਿਆਂ ਨੇ ਜਦੋਂ ਮਹਾਨ ਜਗਤ ਗੁਰੂ ਬਾਬਾ ਜੀ ਦਾ 500 ਵਾਂ ਪ੍ਰਕਾਸ਼-ਪੁਰਬ ਮਨਾਇਆ ਤਾਂ ਅਸਾਂ ਥਾਂ ਥਾਂ ਲੋਕਾਂ ਨੂੰ ਇਹ ਦਸਨ ਵਿਚ ਪੂਰਾ ਜ਼ੋਰ ਲਾਇਆ ਕਿ ਸਾਡੇ ਗੁਰੂ ਜੀ ਇਤਨੇ ਦਲੇਰ ਕ੍ਰਾਂਤੀਕਾਰ ਸਨ ਕਿ ਉਹਨਾਂ ਇਕ ਦਫਾ ਅਕਾਲ ਪੁਰਖ ਨੂੰ ਭੀ (spare) ਸਾਫ ਸਾਫ ਕਹਣੋ ਸੰਕੋਚ ਨਹੀਂ ਕੀਤਾ ਤੇ ਖਰੀਆਂ ਖਰੀਆਂ ਸੁਨਾਈਆਂ ;—

"ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ।"

ਇਸ ਤਰ੍ਹਾਂ ਕਰਨਾ ਸ੍ਰੀ ਸਤਿਗੁਰਾਂ ਨਾਲ ਅਨਿਯਾਂ ਹੈ। ਇਸ ਦੀ ਸੋਧ ਲਈ ਅਰਦਾਸ ਕਰੀਏ।

www.AKJ.Org

# ਵਸਾਖੀ ਦਾ ਮਹਾਨ ਪੁਰਬ

## *ਲੁਧਿਆਣੇ ਵਿਖੇ :* 9 *ਤੋਂ* 14 *ਅਪ੍ਰੈਲ ਤਕ*

ਅਗੇ ਦੀ ਤਰ੍ਹਾਂ ਐਤਕੀ ਭੀ ਵਸਾਖੀ ਦਾ ਮਹਾਨ ਪੁਰਬ ਲੁਧਿਆਣੇ ਸ਼ਹਿਰ ਵਿਖੇ ਮਨਾਇਆ ਜਾ ਰਿਹਾ ਹੈ। ਸਰਬਤ ਸੰਗਤਾਂ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕੇ ਆਇ ਦਰਸ਼ਨ ਦੇਵਣ ਤੇ ਅੰਮ੍ਰਿਤ ਮਈ ਕੀਰਤਨ ਦੀਆਂ ਝੜੀਆਂ ਲਾ ਕੇ ਇਲਾਹੀ ਅਨੰਦ ਮਾਨਣ। ਸਮਾਗਮ ਦਾ ਪ੍ਰੋਗਰਾਮ ਇਸ ਪ੍ਰਕਾਰ ਹੈ :-

| ਤਰੀਕ | ਟਾਈਮ | ਕੀਰਤਨ ਅਸਥਾਨ |
|---|---|---|
| 9—4—71 | 5 ਤੋਂ 10 ਸਵੇਰੇ | ਗੁਰਦਵਾਰਾ, ਸਿੰਘ ਸਭਾ, ਮਾਡਲ ਟਾਊਨ |
| | 7 ਤੋਂ 9·30 ਸ਼ਾਮ | ਐਗਰੀ ਕਲਚਰਲ ਯੂਨੀਵਰਸਟੀ |
| 10—4—71 | 5 ਤੋਂ 10 ਸਵੇਰੇ | ਗੁਰਦਵਾਰਾ, ਸਿੰਘ ਸਭਾ, ਮਾਡਲ ਟਾਊਨ |
| | 7 ਤੋਂ 9·30 ਸ਼ਾਮ | ਗੁਰਦਵਾਰਾ ਭਾਰਤ ਨਗਰ |
| 11—4—71 | 5 ਤੋਂ 7 ਸਵੇਰੇ | ਗੁਰਦਵਾਰਾ, ਸਿੰਘ ਸਭਾ, ਮਾਡਲ ਟਾਊਨ |
| | 7 ਵਜੇ : ਸ੍ਰੀ ਅਖੰਡ ਪਾਠ ਸਾਹਿਬ ਅਰੰਭ | |
| | 8 ਤੋਂ 12 ਸਵੇਰੇ | ਗੁਰਦਵਾਰਾ ਸਾਹਿਬ, ਆਲਮਗੀਰ |
| | 7 ਤੋਂ 9·30 ਸ਼ਾਮ | ਗੁਰਦਵਾਰਾ ਸਿੰਘ ਸਭਾ ਨਿਊ ਮਾਡਲ ਟਾਊਨ |
| 12—4—71 | 5 ਤੋਂ 12 ਸਵੇਰੇ | 79 ਨੰ: ਕੋਠੀ, ਮਾਡਲ ਟਾਊਨ |
| | 7 ਤੋਂ 9.30 ਸ਼ਾਮ | ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ |
| 13—4—71 | 6 ਵਜੇ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ | |
| | 2 ਵਜੇ ਦੁਪੈਹਰੇ | ਅਰੰਭ ਅੰਮ੍ਰਿਤ ਸੰਚਾਰ ਗੁਰਦਵਾਰਾ ਸਿੰਘ ਸਭਾ ਮਾਡਲ ਟਾਊਨ |
| | 8 ਵਜੇ ਸ਼ਾਮ | ਅਰੰਭ ਕੀਰਤਨ ਰੈਣ ਸਬਾਈ, ਗੁਰਦਵਾਰਾ ਸਿੰਘ ਸਭਾ ਮਾਡਲ ਟਾਊਨ |
| 14—4—71 | 8 ਵਜੇ ਸਮਾਪਤੀ | ਕੀਰਤਨ ਰੈਣ ਸਬਾਈ |
| | 8 ਤੋਂ 10 ਸਵੇਰੇ | ਸਿੰਘ ਸਭਾ ਵਲੋਂ ਕੀਰਤਨ |
| | 7 ਤੋਂ 9.30 ਸ਼ਾਮ | ਸਿੰਘ ਸਭਾ ਮਾਡਲ ਟਾਊਨ |



www.AKJ.Org

ਸੰਗਤਾਂ ਦੀ ਚਰਨ ਧੂੜ ਦੇ ਜਾਚਕ,
ਅਖੰਡ ਕੀਰਤਨੀ ਜਥਾ, ਲਧਿਹਾਣਾ

ਨੋਟ :

1. ਸੰਗਤਾਂ ਦਾ ਉਤਾਰਾ ਗੁਰਦਵਾਰਾ ਸਿੰਘ ਸਭਾ ਦੇ ਸਕੂਲ ਵਿਚ ਹੋਵਗਾ।
2. ਸੰਗਤਾਂ ਲੋੜ ਅਨਸਾਰ ਬਿਸਤਰੇ ਲਈ ਆਵਣ।
3. ਅੰਮ੍ਰਿਤ ਸੰਚਾਰ 13 ਅਪ੍ਰੈਲ 71 ਦੁਪੈਹਰੇ ਦੋ ਵਜੇ ਅਰੰਭ ਹੋਵਗਾ।
4. ਕੀਰਤਨੀ ਸਿੰਘਾਂ ਤੇ ਬੀਬੀਆਂ ਅਗੇ ਬੇਨਤੀ ਹੈ ਕਿ ਠੀਕ ਸਮੇਂ ਸਿਰ ਪਹੁੰਚਣ ਤੇ ਸੰਗਤਾਂ ਨੂੰ ਕੀਰਤਨ ਸੁਣਾ ਕੇ ਨਿਹਾਲ ਕਰਨ ਤੇ ਸਤਗੁਰੂ ਦੀਆਂ ਖੁਸ਼ੀਆਂ ਲੈਣ।

## ਬਾਬੇ ਬਕਾਲੇ ਰੈਣ ਸਬਾਈ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਤਪ ਅਸਥਾਨ ਬਾਬੇ ਬਕਾਲੇ ਜਿਥੇ ਸਚੇ ਪਾਤਸ਼ਾਹ ਨੇ 26 ਸਾਲ ਤੇ 9 ਮਹੀਨੇ ਤਪ ਕੀਤਾ, ਰੈਣ ਸਬਾਈ ਕੀਰਤਨ ਹੋ ਰਿਹਾ ਹੈ। ਕੀਰਤਨ 24 ਅਪਰੈਲ ਰਾਤੀਂ 8 ਵਜੇ ਅਰੰਭ ਹੋਏਗਾ ਤੇ 25 ਅਪਰੈਲ ਸਵੇਰੇ 5 ਵਜ ਭੋਗ ਪਏਗਾ। ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇਣ, ਖਾਸ ਕਰਕੇ ਨਜ਼ਦੀਕ ਦੇ ਇਲਾਕੇ ਵਾਲੀਆਂ ਸੰਗਤਾਂ ਜਰੂਰ ਕਿਰਪਾ ਕਰਨ।

(ਅਖੰਡ ਕੀਰਤਨੀ ਜਥਾ, ਜਲੰਧਰ)

www.AKJ.Org

# ਹੋਲੇ ਮਹੱਲੇ ਦੇ ਸਮਾਚਾਰ

ਐਤਕੀ ਭੀ, ਜਥੇ ਵਲੋਂ 10 ਤੋਂ 14 ਮਾਰਚ ਤਕ ਹੋਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਬੇਅੰਤ ਗੁਰੂ ਕੇ ਲਾਲ ਕਲਗੀਆਂ ਵਾਲੇ ਦੀ ਪਿਆਰੀ ਅਨੰਦਪੁਰੀ ਵਿਖੇ ਕਿਸ ਸਰੂਰ ਵਿਚ ਆਇ ਜੁੜੇ। ਇਲ ਹੀ ਬਾਣੀ ਦੇ ਕੀਰਤਨ ਦੀਆਂ ਮਿਠੀਆਂ ਫੁਹਾਰਾਂ ਪਈਆਂ, ਸਤਿਗੁਰੂ ਦੇ ਚਰਨਾਂ ਵਿਚ ਦਰਦ ਤੇ ਪਿਆਰ ਦੀਆਂ ਫਰਿਯਾਦਾਂ ਹੋਈਆਂ। ਇਸ ਅਨੰਦਮਈ ਨਗਰੀ ਦੀ ਸਤਿਗੁਰੂ ਦੇ ਪਾਵਨ ਚਰਨਾ ਨਾਲ ਪਵਿਤਰ ਹੋਈ ਧਰਤੀ ਦਾ ਜ਼ੱਰਾ ਜ਼ੱਰਾ ਸਿੰਘਾਂ ਨੂੰ ਸਤਿਗੁਰੂ ਦੇ ਪਿਆਰ ਤੇ ਯਾਦਾਂ ਵਿਚ ਰੰਗਦਾ ਸੀ।

ਸ੍ਰੀ ਅਖੰਡ ਪਾਠ ਹੋਏ। ਕਿਲਾ ਸ੍ਰੀ ਅਨੰਦ ਗੜ੍ਹ ਸਾਹਿਬ ਵਿਖੇ ਕੀਰਤਨ ਹੋਏ। ਖਾਲਸੇ ਦੇ ਜੰਗ ਦੀਆਂ ਯਾਦਾਂ ਤਾਜੀਆਂ ਹੋਈਆਂ। 11 ਮਾਰਚ ਨੂੰ ਨਗਰ ਕੀਰਤਨ ਹੋਇਆ, ਪਵਿਤਰ ਅਸਥਾਨਾਂ ਦੇ ਦਰਸ਼ਨ ਹੋਏ, ਚਰਨ ਧੂੜ ਲੈ ਮਸਤਕ ਲਾਈ। 12 ਮਾਰਚ ਨੂੰ ਰੈਣ ਸਬਾਈ ਕੀਰਤਨ ਹੋਇਆ। ਪੰਡਾਲ ਵਿਚ ਤਿਲ ਸੁਟਣ ਨੂੰ ਥਾਂ ਨਾਂ ਰਹੀ। ਅੰਮ੍ਰਿਤ ਸੰਚਾਰ ਹੋਇਆ, ਬੇਅੰਤ ਫੌਜਾਂ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲਗੀਆਂ ਤੇ ਨਾਮ ਦੀ ਦਾਤ ਪ੍ਰਾਪਤ ਕੀਤੀ।

13 ਮਾਰਚ ਦੀ ਸ਼ਾਮ ਨੂੰ ਤੇ 14 ਮਾਰਚ ਅੰਮ੍ਰਿਤ ਵੇਲੇ ਤਖਤ ਸ੍ਰੀ ਕੇਸ ਗੜ ਵਿਖੇ ਕੀਰਤਨ ਹੋਏ। ਓਹੀ ਪਵਿਤਰ ਅਸਥਾਨ ਜਿਥੇ ਸਾਹਿਬ ਦੀਵਾਨ ਸਜਾਇਆ ਕਰਦੇ ਸੀ, ਜਿਥੇ ਸਤਿਗੁਰੂ ਜੀ ਨੇ ਪਹਿਲੀ ਵਾਰ ਅੰਮ੍ਰਿਤ ਤਿਆਰ ਕਰਕੇ ਪੰਜਾਂ ਨੂੰ ਛਕਾਇਆ ਤੇ ਫੇਰ ਆਪ ਛਕਿਆ। ਓਹੀ ਬਖਸ਼ਸ਼ਾਂ ਦਾ ਦਰ ਜਿਥੇ ਖਾਲੀ ਝੋਲੀਆਂ ਲੈ ਕੇ ਦੇਸ ਪਰਦੇਸਾਂ ਤੋਂ ਆਏ ਪਰਾਣੀ ਝੋਲੀਆਂ ਭਰ ਕੇ ਲੈ ਜਾਂਦੇ। ਉਹ ਖਜਨੇ ਲੈ ਜਾਂਦੇ ਜੋ ਹੋਰ ਕਿਤੇ ਨਾ ਲਭਦੇ। ਜੋ ਕੈਹਣ ਤੋਂ ਪਰੇ ਹਨ।

ਸਮਾਗਮ ਹੋ ਗਿਆ। ਇਕ ਮਿਠੀ ਯਾਦ ਰਹਿ ਗਈ।

ਸੰਪਾਦਕ



www.AKJ.Org

# ਸੂਰੇ ਵਾਰੇ

ਸੂਰਾ ਸਰਬ ਹਿੰਦ ਅਖੰਡ ਕੀਰਤਨੀ ਜਥੇ ਦੀ ਮਲਕੀਅਤ ਹੈ । ਇਸ ਦਾ ਕੋਈ ਇਕੱਲਾ ਸਿੰਘ ਮਾਲਕ ਨਹੀਂ । ਹੁਣ ਇਸ ਦਾ ਪ੍ਰਬੰਧ ਸੂਰਾ ਪ੍ਰਬੰਧਕ ਬੋਰਡ ਦੇ ਹਥਾਂ ਵਿਚ ਹੈ। ਬੋਰਡ ਦੇ ਮੈਂਬਰ ਇਸ ਪ੍ਰਕਾਰ ਹਨ :—

1. ਬਾਬੂ ਮਲ ਸਿੰਘ ਜੀ, ਤਰਨਤਾਰਨ,
2. ਭਾਈ ਸਵਾ ਸਿੰਘ ਜੀ, ਅੰਮ੍ਰਿਤਸਰ
3. ਭਾਈ ਜੁਗਿੰਦਰ ਸਿੰਘ ਜੀ, ਤਲਵਾੜਾ
4. ਭਾਈ ਦਰਸ਼ਨ ਸਿੰਘ ਜੀ, ਪੀ. ਐਚ. ਡੀ, ਲੁਧਿਹਾਣਾ ।
5. ਭਾਈ ਹਰਚਰਨ ਸਿੰਘ ਜੀ, ਚੰਡੀਗੜ ।
6. ਦਾਸ ਦਲਜੀਤ ਸਿੰਘ, ਜਲੰਧਰ ।

ਜਥੇ ਦੀ ਕਮੇਟੀ ਦੀ 3-1-71 ਨੂੰ ਲੁਧਿਹਾਣੇ ਵਿਖੇ ਹੋਈ ਮੀਟਿੰਗ ਵਿਚ ਪਾਸ ਹੋਇਆ ਕੇ ਸੂਰਾ ਜਲੰਧਰ ਲਿਆਂਦਾ ਜਾਏ ਤੇ ਇਸ ਦੀ ਸੇਵਾ ਦਾਸ ਕਰੇ । ਨਾਂਹ ਨੁਕਰ ਕੀਤੀ, ਕਿਉਂਕਿ ਨਾ ਹੀ ਦਾਸ ਇਸ ਸੇਵਾ ਦੇ ਜੋਗ ਹੈ ਨਾ ਹੀਂ ਇਸ ਸੇਵਾ ਵਿਚ ਰੁਚੀ ਸੀ। ਪਰ ਸਿੰਘਾਂ ਦੇ ਹੁਕਮ ਅਗੇ ਦਾਸ ਦੀ ਪੇਸ਼ ਨਾ ਗਈ ਤੇ ਸੰਗਤ ਦਾ ਹੁਕਮ ਸਮਝਕੇ ਸਿਰ ਝੁਕਾਣਾ ਪਿਆ। ਜੋ ਇਹ ਖਬਰ ਕਿਸੇ ਨੇ ਫੈਲਾਈ ਹੈ ਕਰਨਲ "ਸੂਰਾ" ਜ਼ਬਰਦਸਤੀ ਜਲੰਧਰ ਲੈ ਗਿਆ ਇਹ ਸਰਾ ਸਰਾ ਗਲਤ ਹੈ। ਚੌਧਰ ਸਤਗੁਰੂ ਨੇ ਸਾਰੀ ਉਮਰ ਬਖਸ਼ੀ ਰਖੀ ਹੈ, ਹੁਣ ਤਾਂ ਸਿੰਘਾਂ ਦੇ ਲਾਲੇ ਗੋਲੇ ਹੋਕੇ ਉਨ੍ਹਾਂ ਦੇ ਚਰਨਾਂ ਵਿਚ ਜੀਵਨ ਬਿਤਾਉਣ ਦੀ ਲਾਲਸਾ ਹੈ । ਸੰਗਤ ਦੀਆਂ ਖੁਸ਼ੀਆਂ ਚਾਹੀਦੀਆਂ ਹਨ । ਜਿਥੇ ਹੁਕਮ ਕਰੋ ਉਥੇ 'ਸੂਰਾ" ਛਡ ਆਵੀਏ ਜਿਸਨੂੰ ਹੁਕਮ ਕਰੋ ਉਸਨੂੰ ਸੌਂਪ ਦੇਈਏ । ਦਾਸ ਨੇ ਇਸ ਵਿਚੋਂ ਕੀ ਕਢਣਾ ਹੈ ?

ਪਿਛਲੇ ਦੋ ਤਿੰਨ ਮਹੀਨਿਆਂ ਤੋਂ ਦੇਖਣ ਵਿਚ ਆ ਰਿਹਾ ਹੈ ਕੇ ਜਥੇ ਦੇ ਸਮਾਗਮਾਂ ਤੇ ਸੂਰੇ ਦੇ ਪਾਠਕਾਂ ਨੂੰ ਇਕ ਹੋਰ ਰਸਾਲਾ ਵੰਡਿਆ ਗਿਆ ਹੈ ਤੇ ਗਾਹਕ ਬਣਾਉਣ ਦੀ ਕੋਸ਼ਸ਼ ਕੀਤੀ ਜਾ ਰਹੀ ਹੈ। ਜਥੇ ਦਾ ਰਸਾਲਾ ਤਾਂ



www.AKJ.Org

ਕੱਲਾ ਸੂਰਾ ਹੈ। ਅਗੇ ਆਪਦੀ ਮਰਜ਼ੀ। ਸਾਡੀ ਤਾਂ ਏਨੀ ਹੀ ਜੋਦੜੀ ਹੈ ਕੇ ਵੰਨ ਸੁਵੰਨੇ ਹੋਰ ਰਸਾਲੇ ਵੇਖਕੇ ਸਾਨੂੰ ਭੁਲਾ ਨਾ ਦੇਣਾ। ਸੂਰਾ ਆਪਦਾ ਨਿਮਾਣਾ ਸੇਵਕ ਹੈ ਤੇ ਆਪਦੇ ਰਖਣ ਦਾ ਹੈ। ਜੇ ਆਪਦਾ ਹੁਕਮ ਹੋਵੇ ਤਾਂ ਚਲਦਾ ਰਖੀਏ, ਨਹੀਂ ਤਾਂ ਬੰਦ ਕਰ ਦਈਏ।

ਸੂਰੇ ਨੂੰ ਜਲੰਧਰ ਲਿਆਕੇ ਪ੍ਰਕਾਸ਼ ਕਰਨ ਵਿਚ ਕਈ ਔਕੜਾਂ ਆਈਆਂ। ਬਾਵਜੂਦ ਪੂਰੀ ਕੋਸ਼ਿਸ਼ ਕਰਨ ਦੇ ਦੇਰ ਹੁੰਦੀ ਚਲੀ ਗਈ। ਅਸੀਂ ਪਾਠਕਾਂ ਤੋਂ ਖਿਮਾ ਮੰਗਦੇ ਹਾਂ। ਹੁਣ ਰੁਕਾਵਟਾਂ ਦੂਰ ਹੋ ਚੁਕੀਆਂ ਹਨ ਤੇ ਸੂਰਾ ਆਪਦੀ ਸੇਵਾ ਵਿਚ ਲਗਾਤਾਰ ਹਾਜ਼ਰ ਹੁੰਦਾ ਰਹੇਗਾ।

ਸੂਰੇ ਦਾ ਆਦਰਸ਼ ਗੁਰੂ ਘਰ ਦਾ ਸੇਵਾ ਹੈ। ਗੁਰੂ ਰੂਪ ਪੰਥ ਦਿਆਂ ਚਰਨਾਂ ਵਿਚ ਬੇਨਤੀ ਹੈ ਕੇ ਇਸਦੇ ਸਿਰ ਤੇ ਮੇਹਰ ਭਰਿਆ ਹਥ ਰਖੇ ਤੇ ਇਸ ਸੇਵਾ ਵਿਚ ਸਫਲਤਾ ਬਖਸ਼ੇ।

ਦਾਸ,
ਦਲਜੀਤ ਸਿੰਘ,
ਐਡੀਟਰ।

www.AKJ.Org

# ਸੂਰੇ ਸਬੰਧੀ ਜਾਣਕਾਰੀ ਫਾਰਮ ਨੰ: ੪

1. ਪ੍ਰਕਾਸ਼ਨ ਅਸਥਾਨ............305 L, ਮਾਡਲ ਟਾਊਨ, ਜਲੰਧਰ
2. ਪ੍ਰਕਾਸ਼ਨ ਦਾ ਸਮਾਂ............ਮਾਸਕ
3. ਪ੍ਰਿੰਟਰ ਦਾ ਨਾਂ............ ਸ: ਅਵਤਾਰ ਸਿੰਘ
   ਕੌਮੀਅਤ............ਭਾਰਤੀ
   ਪਤਾ............ਫਰੀ ਇੰਡੀਆ ਪ੍ਰਿੰਟਰਜ਼ ਖਿੰਗਰਾਂ ਗੇਟ, ਜਲੰਧਰ।
4. ਪਬਲਿਸ਼ਰ ਦਾਂ ਨਾਂ............ਦਲਜੀਤ ਸਿੰਘ
   ਕੌਮੀਅਤ............ਭਾਰਤੀ
   ਪਤਾ............305-L, ਮਾਡਲ ਟਾਊਨ, ਜਲੰਧਰ
5. ਐਡੀਟਰ ਦਾ ਨਾਂ............ਦਲਜੀਤ ਸਿੰਘ
   ਕੌਮੀਅਤ ਅਤੇ ਪਤਾ............ਜਿਹਾ ਉਪਰ ਪੈਰਾ ਚਾਰ ਵਿਚ ਦਰਜ ਹੈ।
6. ਅਖਬਾਰ ਦੇ ਮਾਲਕ ਦਾ ਨਾਂ............ਸਰਬ ਹਿੰਦ ਅਖੰਡ-
   ਤੇ ਪਤਾ ਕੀਰਤਨੀ ਜਥਾ, ਮਾਰਫਤ ਸੂਰਾ, 305-L, ਮਾਡਲ ਟਾਊਨ, ਜਲੰਧਰ।

ਮੈਂ, ਦਲਜੀਤ ਸਿੰਘ ਪਰਗਟ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੀ ਗਿਆਤ ਅਤੇ ਨਿਸਚੇ ਅਨੁਸਾਰ ਠੀਕ ਹੈ।

ਦਲਜੀਤ ਸਿੰਘ

ਮਿਤੀ 26—3—71

ਪ੍ਰਕਾਸ਼ਕ



www.AKJ.Org

www.AKJ.Org